NHS
Galleri Trial

# ਭਾਗੀਦਾਰ ਜਾਣਕਾਰੀ ਸ਼ੀਟ

## ਸ਼ੁਰੂਆਤ ਵਿੱਚ ਕੈਂਸਰ ਦੀ ਖੋਜ ਵਿੱਚ ਸਾਡੀ ਮਦਦ ਕਰਨ ਵਿੱਚ ਆਪਣੀ ਦਿਲਚਸਪੀ ਦਿਖਾਉਣ ਲਈ ਧੰਨਵਾਦ।

**ਤੁਸੀਂ ਇਹ ਜਾਣਕਾਰੀ ਸ਼ੀਟ ਇਸ ਲਈ ਪ੍ਰਾਪਤ ਕਰ ਰਹੇ ਹੋ ਕਿਉਂਕਿ ਤੁਸੀਂ NHS-Galleri ਪਰੀਖਣ ਵਿੱਚ ਹਿੱਸਾ ਲੈਣ ਲਈ ਪਰੀਖਣ ਟੀਮ ਨਾਲ ਸੰਪਰਕ ਕੀਤਾ ਸੀ।**

ਇਹ ਜਾਣਕਾਰੀ ਸ਼ੀਟ ਤੁਹਾਨੂੰ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਦੀ ਹੈ, ਜੋ ਤੁਹਾਡੀ ਇਹ ਫੈਸਲਾ ਲੈਣ ਵਿੱਚ ਮਦਦ ਕਰੇਗੀ ਕਿ ਪਰੀਖਣ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ। ਜੇ ਤੁਹਾਡੇ ਪਰੀਖਣ ਸੰਬੰਧੀ ਸਵਾਲ ਹਨ ਜਿਨ੍ਹਾਂ ਦਾ ਜਾਣਕਾਰੀ ਸ਼ੀਟ ਵਿੱਚ ਜਵਾਬ ਨਹੀਂ ਦਿੱਤਾ ਗਿਆ ਹੈ, ਤਾਂ ਤੁਸੀਂ www.nhs-galleri.org 'ਤੇ ਜਾ ਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ

ਤੁਹਾਨੂੰ ਮੁਲਾਕਾਤ ਵਿੱਚ ਸ਼ਾਮਲ ਹੋਣ 'ਤੇ ਵੀ ਸਵਾਲ ਪੁੱਛਣ ਦਾ ਮੌਕਾ ਮਿਲੇਗਾ। ਯਾਦ ਰੱਖੋ ਕਿ ਇਸ ਪਰੀਖਣ ਵਿੱਚ ਹਿੱਸਾ ਲੈਣਾ ਸਵੈਇੱਛੁਕ ਹੈ, ਅਤੇ ਤੁਸੀਂ ਆਪਣਾ ਮਨ ਕਿਸੇ ਵੀ ਸਮੇਂ ਬਦਲ ਸਕਦੇ ਹੋ ਅਤੇ ਕਿਸੇ ਵੀ ਸਮੇਂ ਪਰੀਖਣ ਤੋਂ ਵਾਪਸ ਹੋ ਸਕਦੇ ਹੋ।

### ਅਧਿਐਨ ਕੌਣ ਕਰ ਰਿਹਾ ਹੈ?

GRAIL Inc. ਸੰਯੁਕਤ ਰਾਜ ਦੀ ਇੱਕ ਅਜਿਹੀ ਕੰਪਨੀ ਹੈ ਜਿਸ ਨੇ Galleri ਟੈਸਟ ਵਿਕਸਿਤ ਕੀਤਾ ਹੈ। ਇਨ੍ਹਾਂ ਨੇ UK ਵਿੱਚ ਵੀ, GRAIL Bio UK Ltd ਸ਼ਾਖਾ ਸਥਾਪਤ ਕੀਤੀ ਹੈ। (GRAIL) ਇਸ ਪਰੀਖਣ ਦਾ ਮੁੱਖ ਫੰਡ ਪ੍ਰਦਾਤਾ ਅਤੇ ਪ੍ਰਬੰਧਕ ਹੈ।

ਇਹ ਅਧਿਐਨ ਨੈਸ਼ਨਲ ਹੈਲਥ ਸਰਵਿਸ (National Health Service) (NHS) ਇੰਗਲੈਂਡ ਨਾਲ ਭਾਈਵਾਲੀ ਵਿੱਚ ਹੈ ਅਤੇ ਇਹ ਦ ਕੈਂਸਰ ਰਿਸਰਚ UK (The Cancer Research UK) ਅਤੇ ਕਿੰਗਜ਼ ਕਾਲਜ ਲੰਡਨ ਕੈਂਸਰ ਰੋਕਥਾਮ ਪਰੀਖਣ ਯੂਨਿਟ (King's College London Cancer Prevention Trials Unit), ਕਿੰਗਜ਼ ਕਾਲਜ ਲੰਡਨ (King's College London) (King's) ਵਿਖੇ ਕੈਂਸਰ ਖੋਜਕਰਤਾਵਾਂ ਅਤੇ ਪਰੀਖਣ ਪ੍ਰਬੰਧਕਾਂ ਦੀ ਇੱਕ ਟੀਮ ਵੱਲੋਂ ਕੀਤਾ ਜਾਵੇਗਾ।

GRAIL

CANCER RESEARCH UK | KING'S COLLEGE LONDON CANCER PREVENTION TRIALS UNIT

IRAS ਪ੍ਰੋਜੈਕਟ ID: 293034 | ਵੇਲਸ REC1 ਹਵਾਲਾ: 21/WA/014 | ਸੂਚਿਤ ਰਜ਼ਾਮੰਦੀ ਸ਼ੀਟ v3.0 25ਜੂਨ2021

# NHS-Galleri ਪਰੀਖਣ ਦਾ ਸਾਰ

### NHS-Galleri ਪਰੀਖਣ ਕੀ ਹੈ?

NHS-Galleri ਇੱਕ ਖੋਜ ਪਰੀਖਣ ਹੈ ਜਿਸਦਾ ਉਦੇਸ਼ ਇਸ ਗੱਲ ਦਾ ਪਤਾ ਲਗਾਉਣਾ ਹੈ ਕਿ NHS ਵਿੱਚ, ਨਵਾਂ Galleri™ ਟੈਸਟ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ। ਇਸ ਦਾ ਉਦੇਸ਼ ਇਹ ਪਤਾ ਕਰਨਾ ਹੈ ਕਿ NHS ਵਿੱਚ ਮਿਆਰੀ ਦੇਖਭਾਲ ਕੈਂਸਰ ਟੈਸਟ ਦੇ ਨਾਲ-ਨਾਲ Galleri ਟੈਸਟ ਦੀ ਵਰਤੋਂ ਕਰਨਾ ਕੈਂਸਰ ਨੂੰ ਸ਼ੁਰੂਆਤੀ ਸਥਿਤੀ ਵਿੱਚ ਪਤਾ ਕਰਨ ਵਿੱਚ ਮਦਦ ਕਰ ਸਕਦਾ ਹੈ ਜਾਂ ਨਹੀਂ, ਜਦੋਂ ਇਸ ਦਾ ਇਲਾਜ ਕਰਨਾ ਅਸਾਨ ਹੁੰਦਾ ਹੈ।

### Galleri ਟੈਸਟ ਕੀ ਹੈ?

Galleri ਟੈਸਟ, ਇੱਕ ਨਵਾਂ ਟੈਸਟ ਹੈ ਜੋ ਖ਼ੂਨ ਨਮੂਨੇ ਵਿੱਚ ਕੈਂਸਰ ਦੇ ਸੰਭਾਵਤ ਸੰਕੇਤਾਂ ਦੀ ਭਾਲ ਕਰਦਾ ਹੈ। ਇਹ ਟੈਸਟ ਕੈਂਸਰ ਦੀਆਂ ਕਈ ਕਿਸਮਾਂ ਨੂੰ ਲੱਭ ਸਕਦਾ ਹੈ, ਪਰ ਸਾਰੀਆਂ ਕਿਸਮਾਂ ਨੂੰ ਨਹੀਂ। ਇਹ ਟੈਸਟ, ਆਮ ਕੈਂਸਰ ਦੀ ਮੁਢਲੀ ਜਾਂਚ ਦੇ ਨਾਲ ਵਰਤੋਂ ਕਰਨ ਲਈ ਤਿਆਰ ਕੀਤਾ ਗਿਆ ਹੈ। ਜੇ ਜਾਂਚ ਵਿੱਚ ਕੈਂਸਰ ਦਾ ਸੰਭਾਵਤ ਸੰਕੇਤ ਮਿਲ ਜਾਂਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਵਿਅਕਤੀ ਨੂੰ ਪੱਕਾ ਕੈਂਸਰ ਹੀ ਹੈ। ਇਸਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਕੈਂਸਰ ਹੋ ਸਕਦਾ ਹੈ, ਅਤੇ ਜਾਂਚ ਕਰਨ ਲਈ ਉਨ੍ਹਾਂ ਨੂੰ ਕੁਝ ਫਾਲੋ-ਅੱਪ ਟੈਸਟ ਕਰਵਾਉਣ ਦੀ ਜ਼ਰੂਰਤ ਹੋਵੇਗੀ। Galleri ਟੈਸਟ ਬਾਰੇ ਵਧੇਰੇ ਜਾਣਕਾਰੀ ਲਈ, ਹੇਠਾਂ ਦਿੱਤਾ 'ਦ Galleri ਟੈਸਟ' ਨਾਂ ਦਾ ਭਾਗ ਵੇਖੋ।

### ਪਰੀਖਣ ਕੌਣ ਕਰ ਰਿਹਾ ਹੈ?

ਪਰੀਖਣ GRAIL Bio UK Ltd. (GRAIL, Inc. ਦੀ UK ਸ਼ਾਖਾ, ਜਿਸ ਨੇ Galleri ਟੈਸਟ ਵਿਕਸਿਤ ਕੀਤਾ ਹੈ), NHS ਇੰਗਲੈਂਡ ਅਤੇ ਕਿੰਗਜ਼ ਕਾਲਜ ਲੰਡਨ (King's College London) ਵਿਚਕਾਰ ਭਾਈਵਾਲੀ ਨਾਲ ਕੀਤਾ ਜਾ ਰਿਹਾ ਹੈ। ਪਰੀਖਣ ਲਈ ਮੁੱਖ ਜਾਂਚਕਰਤਾਵਾਂ ਵਿੱਚ ਇਹ ਸ਼ਾਮਲ ਹਨ, ਪ੍ਰੋਫੈਸਰ ਰਿਚਰਡ ਨੀਲ, ਇੱਕ GP ਖੋਜਕਰਤਾ ਜੋ ਕੈਂਸਰ ਦੀ ਮੁਢਲੀ ਜਾਂਚ ਵਿੱਚ ਦਿਲਚਸਪੀ ਰੱਖਦੇ ਹਨ, ਅਤੇ ਯੂਨੀਵਰਸਿਟੀ ਕਾਲਜ ਲੰਡਨ (University College London) ਦੇ ਕੈਂਸਰ ਖੋਜਕਰਤਾ ਪ੍ਰੋਫੈਸਰ ਚਾਰਲਸ ਸਵੈਂਟਨ ਅਤੇ ਫ੍ਰਾਂਸਿਸ ਕ੍ਰਿਕ ਇੰਸਟੀਚਿਊਟ ਅਤੇ ਕੈਂਸਰ ਰਿਸਰਚ UK ਦੇ ਮੁੱਖ ਕਲੀਨਿਸ਼ਿਅਨ ਹਨ।

### ਇਸ ਵਿੱਚ ਕੌਣ-ਕੌਣ ਹਿੱਸਾ ਲੈ ਸਕਦਾ ਹੈ?

ਸਾਨੂੰ ਉਮੀਦ ਹੈ ਕਿ 140,000 ਲੋਕ ਹਿੱਸਾ ਲੈਣਗੇ। ਸਾਨੂੰ 50-77 ਸਾਲ ਦੀ ਉਮਰ ਦੇ ਲੋਕਾਂ ਦੀ ਜ਼ਰੂਰਤ ਹੈ, ਜਿਨ੍ਹਾਂ ਦਾ ਪਿਛਲੇ 3 ਸਾਲਾਂ ਵਿੱਚ ਕੈਂਸਰ ਦਾ ਨਿਦਾਨ ਜਾਂ ਇਲਾਜ ਨਹੀਂ ਕੀਤਾ ਗਿਆ ਹੈ। ਇਸ ਵਿੱਚ ਹਿੱਸਾ ਲੈਣਾ ਪੂਰੀ ਤਰ੍ਹਾਂ ਸਵੈਇੱਛੁਕ ਹੈ।

### ਇਸ ਵਿੱਚ ਕੀ ਸ਼ਾਮਲ ਹੈ?

ਤੁਹਾਨੂੰ ਇੱਕ ਮੋਬਾਈਲ ਕਲੀਨਿਕ ਵਿੱਚ ਆਉਣ ਲਈ ਕਿਹਾ ਜਾਵੇਗਾ (ਇਸ ਬਾਰੇ ਹੇਠਾਂ ਦੱਸਿਆ ਗਿਆ ਹੈ) ਜਿੱਥੇ ਅਸੀਂ ਇਸ ਗੱਲ ਦੀ ਪੁਸ਼ਟੀ ਕਰਾਂਗੇ ਕਿ ਤੁਸੀਂ ਪਰੀਖਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ ਜਾਂ ਨਹੀਂ ਅਤੇ ਤੁਹਾਨੂੰ ਪੁੱਛਿਆ ਜਾਵੇਗਾ ਕਿ ਤੁਸੀਂ ਹਿੱਸਾ ਲੈਣ ਲਈ ਸਹਿਮਤ ਹੋ ਜਾਂ ਨਹੀਂ। ਤੁਹਾਨੂੰ ਖ਼ੂਨ ਦਾ ਨਮੂਨਾ ਦੇਣ, ਸਰਵੇਖਣ ਭਰਨ ਅਤੇ ਆਪਣੀ ਸਿਹਤ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਸਹਿਮਤੀ ਦੇਣ ਲਈ ਕਿਹਾ ਜਾਵੇਗਾ। ਸਾਧਾਰਣ ਖ਼ੂਨ ਜਾਂਚ ਵਾਂਗ, ਲਗਭਗ ਡੇਢ ਚਮਚ (ਲਗਭਗ 20 mL) ਖ਼ੂਨ ਲਿਆ ਜਾਵੇਗਾ। ਤੁਹਾਨੂੰ ਲਗਭਗ 2 ਸਾਲਾਂ ਵਿੱਚ ਮੋਬਾਈਲ ਕਲੀਨਿਕ ਵਿੱਚ ਕੁੱਲ 3 ਵਾਰ ਆਉਣਾ ਪਵੇਗਾ।

### ਮੇਰੇ ਖ਼ੂਨ ਨਮੂਨੇ ਦਾ ਕੀ ਹੋਵੇਗਾ?

ਪਰੀਖਣ ਵਿੱਚ ਅੱਧੇ ਲੋਕ 'ਟੈਸਟ ਸਮੂਹ' ('test group') ਵਿੱਚ ਹੋਣਗੇ। ਇਸਦਾ ਮਤਲਬ ਹੈ ਕਿ Galleri ਟੈਸਟ ਦੀ ਵਰਤੋਂ ਕਰਦਿਆਂ ਉਨ੍ਹਾਂ ਦੇ ਖ਼ੂਨ ਨਮੂਨੇ ਦੀ ਜਾਂਚ ਕੀਤੀ ਜਾਵੇਗੀ। ਬਾਕੀ ਲੋਕ 'ਨਿਯੰਤਰਿਤ ਸਮੂਹ' ('control group') ਵਿੱਚ ਹੋਣਗੇ ਅਤੇ ਉਨ੍ਹਾਂ ਦਾ ਖ਼ੂਨ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇਗਾ ਪਰ Galleri ਟੈਸਟ ਦੀ ਵਰਤੋਂ ਕਰਦਿਆਂ ਤੁਰੰਤ ਜਾਂਚ ਨਹੀਂ ਕੀਤੀ ਜਾਵੇਗੀ। ਭਵਿੱਖ ਵਿੱਚ ਨਿਯੰਤਰਣ ਸਮੂਹ ਦੇ ਨਮੂਨਿਆਂ ਦੀ ਜਾਂਚ Galleri ਟੈਸਟ ਨਾਲ ਕੀਤੀ ਜਾ ਸਕਦੀ ਹੈ, ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕੀ ਟੈਸਟ ਸਮੂਹ ਅਤੇ ਨਿਯੰਤਰਣ ਸਮੂਹ ਦੇ ਲੋਕਾਂ ਵਿੱਚ ਕੋਈ ਅੰਤਰ ਹੈ ਜਾਂ ਨਹੀਂ। ਪਰੀਖਣ ਖ਼ਤਮ ਹੋਣ ਤੋਂ ਬਾਅਦ ਵੀ ਤੁਹਾਨੂੰ ਇਹ ਨਹੀਂ ਦੱਸਿਆ ਜਾਵੇਗਾ ਕਿ ਤੁਸੀਂ ਕਿਸ ਸਮੂਹ ਵਿੱਚ ਸੀ। ਹਰ ਇੱਕ ਨੂੰ ਪੁੱਛਿਆ ਜਾਵੇਗਾ ਕੀ Galleri ਟੈਸਟ ਨੂੰ ਹੋਰ ਬਿਹਤਰ ਬਣਾਉਣ ਲਈ ਖੋਜ ਵਿੱਚ ਮਦਦ ਕਰਨ ਲਈ, ਅਤੇ ਹੋਰ ਟੈਸਟਾਂ ਨੂੰ ਵਿਕਸਤ ਕਰਨ ਅਤੇ ਇਹ ਵੇਖਣ ਲਈ ਕਿ ਉਹ ਕਿੰਨੇ ਵਧੀਆ ਢੰਗ ਨਾਲ ਕੰਮ ਕਰਦੇ ਹਨ, ਉਹਨਾਂ ਦੇ ਨਮੂਨੇ ਸਟੋਰ ਕੀਤੇ ਜਾ ਸਕਦੇ ਹਨ ਜਾਂ ਨਹੀਂ ਅਤੇ ਬਾਅਦ ਵਿੱਚ ਟੈਸਟ ਕੀਤੇ ਜਾ ਸਕਦੇ ਹਨ ਜਾਂ ਨਹੀਂ।

### ਕੀ ਮੈਨੂੰ ਨਤੀਜੇ ਪ੍ਰਾਪਤ ਹੋਣਗੇ?

ਹਰ ਇੱਕ ਵਿਅਕਤੀ ਜੋ ਖ਼ੂਨ ਨਮੂਨਾ ਦਿੰਦਾ ਹੈ, ਉਸ ਨੂੰ ਆਪਣੀ ਮੁਲਾਕਾਤ ਤੋਂ 30 ਦਿਨਾਂ ਬਾਅਦ ਇੱਕ ਪੱਤਰ ਮਿਲੇਗਾ, ਜੋ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਨਮੂਨਾ ਪ੍ਰਾਪਤ ਹੋ ਗਿਆ ਹੈ। ਹਾਲਾਂਕਿ, ਅਸੀਂ ਸਿਰਫ ਉਨ੍ਹਾਂ ਲੋਕਾਂ ਨੂੰ ਨਤੀਜੇ ਦੱਸਾਂਗੇ ਜੋ ਟੈਸਟ ਸਮੂਹ ਵਿੱਚ ਸ਼ਾਮਲ ਹੋਣਗੇ ਅਤੇ ਜਿਨ੍ਹਾਂ ਵਿੱਚ Galleri ਟੈਸਟ ਦੀ ਵਰਤੋਂ ਕਰਦਿਆਂ ਕੈਂਸਰ ਹੋਣ ਦਾ ਸੰਕੇਤ ਮਿਲਿਆ ਹੈ। ਕੋਈ ਹੋਰ ਨਤੀਜੇ ਸਾਂਝੇ ਨਹੀਂ ਕੀਤੇ ਜਾਣਗੇ।

ਜੇ ਸਾਨੂੰ ਕੈਂਸਰ ਦਾ ਸੰਕੇਤ ਮਿਲਦਾ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਅਤੇ ਸਥਾਨਕ ਹਸਪਤਾਲ ਵਿੱਚ ਤੁਹਾਡੇ ਲਈ ਫਾਲੋ-ਅੱਪ ਟੈਸਟ ਕਰਵਾਉਣ ਦਾ ਪ੍ਰਬੰਧ ਕਰਾਂਗੇ, ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕੀ ਤੁਹਾਨੂੰ ਅਸਲ ਵਿੱਚ ਕੈਂਸਰ ਹੈ ਜਾਂ ਨਹੀਂ। ਇਹ ਫਾਲੋ-ਅੱਪ ਟੈਸਟ NHS ਵੱਲੋਂ ਕੀਤੇ ਜਾਣਗੇ ਅਤੇ ਇਹ ਪਰੀਖਣ ਦਾ ਹਿੱਸਾ ਨਹੀਂ ਹੋਣਗੇ।

### ਫਿਰ ਕੀ ਹੋਵੇਗਾ?

ਕਿਰਪਾ ਕਰਕੇ ਇਸ ਸ਼ੀਟ ਨੂੰ ਧਿਆਨ ਨਾਲ ਪੜ੍ਹੋ ਅਤੇ ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਸਾਡੇ ਨਾਲ ਸੰਪਰਕ ਕਰੋ। ਜਦੋਂ ਤੁਸੀਂ ਆਪਣਾ ਖ਼ੂਨ ਨਮੂਨੇ ਦੇਣ ਲਈ ਮੁਲਾਕਾਤ ਕਰਨ ਲਈ ਆਵੋਗੇ, ਤਾਂ ਤੁਸੀਂ ਉਦੋਂ ਵੀ ਸਵਾਲ ਪੁੱਛ ਸਕੋਗੇ।



# NHS-Galleri ਪਰੀਖਣ ਦਾ ਉਦੇਸ਼ ਕੀ ਹੈ?

Galleri ਟੈਸਟ, ਇੱਕ ਨਵਾਂ ਖ਼ੂਨ ਟੈਸਟ ਹੈ ਜੋ ਇੱਕ ਵਿਅਕਤੀ ਦੇ ਖ਼ੂਨ ਨਮੂਨੇ ਵਿੱਚ ਕੈਂਸਰ ਦੀਆਂ ਕਈ ਕਿਸਮਾਂ ਦੇ ਸੰਕੇਤਾਂ ਦਾ ਪਤਾ ਲਗਾ ਸਕਦਾ ਹੈ। ਜੇ Galleri ਟੈਸਟ ਇਨ੍ਹਾਂ ਸੰਕੇਤਾਂ ਨੂੰ ਦੂਜੇ ਟੈਸਟਾਂ ਨਾਲੋਂ ਪਹਿਲਾਂ ਅਤੇ ਲੋਕਾਂ ਨੂੰ ਕੈਂਸਰ ਦੇ ਲੱਛਣ ਹੋਣ ਤੋਂ ਪਹਿਲਾਂ ਲੱਭ ਸਕਦਾ ਹੈ, ਤਾਂ ਇਸਦਾ ਮਤਲਬ ਹੋ ਸਕਦਾ ਹੈ ਕਿ ਕੈਂਸਰ ਦਾ ਇਲਾਜ ਵਧੇਰੇ ਸਫਲਤਾਪੂਰਵਕ ਕੀਤਾ ਜਾ ਸਕਦਾ ਹੈ।

ਹਾਲਾਂਕਿ, ਫਿਲਹਾਲ ਸਾਨੂੰ ਨਹੀਂ ਪਤਾ ਕਿ ਸਿਹਤਯਾਬੀ ਲਈ ਕੈਂਸਰ ਦਾ ਪਤਾ ਲਗਾਉਣ ਵਿੱਚ NHS ਵੱਲੋਂ ਮੌਜੂਦਾ ਵਰਤੇ ਜਾਂਦੇ ਤਰੀਕਿਆਂ ਨਾਲ ਤੁਲਨਾ ਵਿੱਚ Galleri ਟੈਸਟ ਕਿੰਨਾ ਕੁ ਚੰਗਾ ਹੈ। ਇਸ ਲਈ ਸਾਨੂੰ ਇਸ ਪਰੀਖਣ ਨੂੰ ਕਰਨ ਦੀ ਜ਼ਰੂਰਤ ਪਈ।

### ਪਰੀਖਣ ਕੀ ਹੁੰਦਾ ਹੈ?

ਪਰੀਖਣ, ਖੋਜ ਅਧਿਐਨ ਦੀ ਇੱਕ ਕਿਸਮ ਹੈ ਜਿਸਦਾ ਉਦੇਸ਼ ਇਹ ਪਤਾ ਲਗਾਉਣਾ ਹੁੰਦਾ ਹੈ ਕਿ ਨਵਾਂ ਇਲਾਜ ਜਾਂ ਟੈਸਟ ਪਹਿਲਾਂ ਤੋਂ ਵਰਤੀਆਂ ਜਾ ਰਹੀਆਂ ਹੋਰ ਪਹੁੰਚਾਂ ਨਾਲੋਂ ਵਧੀਆ ਕੰਮ ਕਰਦਾ ਹੈ ਜਾਂ ਨਹੀਂ। ਇਸ ਮਾਮਲੇ ਵਿੱਚ, NHS-Galleri ਪਰੀਖਣ ਦਾ ਉਦੇਸ਼ ਇਹ ਸਮਝਣਾ ਹੈ ਕੀ ਉਹ ਲੋਕ ਜਿਨ੍ਹਾਂ ਨੂੰ ਕੈਂਸਰ ਦੇ ਲੱਛਣ ਨਹੀਂ ਹੁੰਦੇ, ਉਹਨਾਂ 'ਤੇ NHS ਵੱਲੋਂ ਮੌਜੂਦਾ ਵਰਤੇ ਜਾਂਦੇ ਕੈਂਸਰ ਮੁਢਲੀ ਜਾਂਚ ਪ੍ਰੋਗਰਾਮਾਂ ਦੇ ਨਾਲ Galleri ਟੈਸਟ ਦੀ ਵਰਤੋਂ ਕਰਨ 'ਤੇ, ਕੈਂਸਰ ਹੋਣ ਜਾਂ ਨਾ ਹੋਣ ਬਾਰੇ ਪਹਿਲਾਂ ਪਤਾ ਕੀਤਾ ਜਾ ਸਕਦਾ ਹੈ ਜਾਂ ਨਹੀਂ।

ਪਰੀਖਣ ਤੋਂ ਬਾਅਦ, ਸਾਨੂੰ ਇਸ ਬਾਰੇ ਹੋਰ ਜਾਣਕਾਰੀ ਮਿਲੇਗੀ, ਕੀ Galleri ਟੈਸਟ ਲੋਕਾਂ ਵਿੱਚ ਕੈਂਸਰ ਦੀ ਮੁਢਲੀ ਜਾਂਚ ਕਰਨ ਦੇ ਢੰਗ ਵਜੋਂ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ। ਜੇ ਇਹ ਕੰਮ ਕਰਦਾ ਹੈ, ਤਾਂ ਭਵਿੱਖ ਵਿੱਚ ਇਸ ਦੀ NHS ਵਿੱਚ ਵਰਤੋਂ ਕੀਤੀ ਜਾ ਸਕਦੀ ਹੈ (ਜਿਵੇਂ ਕਿ ਛਾਤੀ (ਬ੍ਰੈਸਟ) ਦੀ ਮੁਢਲੀ ਜਾਂਚ ਜਾਂ ਮਲ ਦੀ ਮੁਢਲੀ ਜਾਂਚ, ਪਰ ਕੈਂਸਰ ਦੀਆਂ ਕਈ ਕਿਸਮਾਂ ਲਈ)। ਜੇ Galleri ਟੈਸਟ ਇਸ ਸੈਟਿੰਗ ਵਿੱਚ ਵਧੀਆ ਕੰਮ ਨਹੀਂ ਕਰਦਾ ਹੈ, ਤਾਂ ਸਾਨੂੰ ਅਜੇ ਵੀ ਇਸ ਬਾਰੇ ਮਹੱਤਵਪੂਰਣ ਜਾਣਕਾਰੀ ਮਿਲੇਗੀ ਕਿ ਭਵਿੱਖ ਵਿੱਚ ਕੈਂਸਰ ਦੀ ਮੁਢਲੀ ਜਾਂਚ ਵਿੱਚ ਸੁਧਾਰ ਕਰਨ ਲਈ ਕੀ ਖੋਜ ਕਰਨ ਦੀ ਜ਼ਰੂਰਤ ਹੈ, ਤਾਂ ਜੋ ਲੋਕਾਂ ਦੀ ਜ਼ਿੰਦਗੀ ਕੈਂਸਰ ਤੋਂ ਪ੍ਰਭਾਵਤ ਹੋਣ ਦੀ ਸੰਭਾਵਨਾ ਘੱਟ ਕੀਤੀ ਜਾ ਸਕੇ।

# ਮੈਨੂੰ ਹਿੱਸਾ ਲੈਣ ਲਈ ਸੱਦਾ ਕਿਉਂ ਦਿੱਤਾ ਗਿਆ ਹੈ?

### ਮੈਨੂੰ ਸੱਦਾ ਕਿਉਂ ਦਿੱਤਾ ਗਿਆ ਸੀ?

NHS-Galleri ਪਰੀਖਣ ਵੱਲੋਂ NHS ਡਿਜੀਟਲ ਜਾਂ ਤੁਹਾਡੇ GP ਨੂੰ, ਪਰੀਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਕੁਝ ਸ਼ਰਤਾਂ ਪੂਰੀਆਂ ਕਰਦੇ ਸੰਭਾਵਤ ਭਾਗੀਦਾਰਾਂ ਨੂੰ ਲੱਭਣ ਲਈ ਇਲੈਕਟ੍ਰਾਨਿਕ ਖੋਜ ਕਰਨ ਲਈ ਕਿਹਾ ਗਿਆ ਸੀ।

### NHS-Galleri ਪਰੀਖਣ ਵਿੱਚ ਕੌਣ-ਕੌਣ ਹਿੱਸਾ ਲੈ ਸਕਦਾ ਹੈ?

NHS ਡਿਜੀਟਲ ਨੂੰ NHS-Galleri ਪਰੀਖਣ ਵੱਲੋਂ, ਪਰੀਖਣ ਵਿੱਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਕੁਝ ਸ਼ਰਤਾਂ ਪੂਰੀਆਂ ਕਰਦੇ ਸੰਭਾਵਤ ਭਾਗੀਦਾਰਾਂ ਨੂੰ ਲੱਭਣ ਲਈ ਇਲੈਕਟ੍ਰਾਨਿਕ ਖੋਜ ਕਰਨ ਲਈ ਕਿਹਾ ਗਿਆ ਸੀ। ਸਾਡੇ ਮੁਤਾਬਕ Galleri ਟੈਸਟ ਦੇ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਲਾਭਦਾਇਕ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਕੁਝ ਕਿਸਮ ਦੇ ਕੈਂਸਰ ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਇਸ ਲਈ ਅਸੀਂ 50 ਤੋਂ 77 ਸਾਲ ਤੱਕ ਦੀ ਉਮਰ ਦੇ ਲੋਕਾਂ ਨੂੰ ਸੱਦਾ ਦੇ ਰਹੇ ਹਾਂ, ਜਿਹੜੇ ਇੰਗਲੈਂਡ ਦੇ ਅਜਿਹੇ ਖੇਤਰ ਵਿੱਚ ਰਹਿੰਦੇ ਹਨ ਜਿੱਥੇ ਪਰੀਖਣ ਚੱਲ ਰਿਹਾ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਸੱਦਾ ਨਹੀਂ ਦੇ ਰਹੇ ਹਾਂ, ਜਿੰਨਾਂ ਨੇ ਪਿਛਲੇ 3 ਸਾਲਾਂ ਵਿੱਚ ਕੈਂਸਰ ਦਾ ਨਿਦਾਨ ਜਾਂ ਇਲਾਜ ਕਰਵਾਇਆ ਹੈ, ਜਾਂ ਜਿਹੜੇ ਇਸ ਸਮੇਂ ਸ਼ੱਕੀ ਕੈਂਸਰ ਕਾਰਨ ਟੈਸਟ ਕਰਵਾ ਰਹੇ ਹਨ (ਜਾਂ ਟੈਸਟਾਂ ਦੀ ਉਡੀਕ ਕਰ ਰਹੇ ਹਨ)।

NHS-Galleri ਪਰੀਖਣ ਵਿੱਚ, ਅਸੀਂ ਚਾਹੁੰਦੇ ਹਾਂ ਕਿ 140,000 ਲੋਕ ਸਵੈਇੱਛੁਕ ਤੌਰ 'ਤੇ ਖ਼ੂਨ ਦੇ ਨਮੂਨੇ ਦੇਣ ਅਤੇ ਹਿੱਸਾ ਲੈਣ। ਸਾਨੂੰ ਵੱਡੀ ਗਿਣਤੀ ਵਿੱਚ ਲੋਕਾਂ ਦੀ ਜ਼ਰੂਰਤ ਹੈ, ਤਾਂ ਜੋ ਪਰੀਖਣ ਦੀ ਸਮਾਪਤੀ 'ਤੇ, ਸਾਨੂੰ ਯਕੀਨ ਹੋ ਸਕੇ ਕਿ ਅਸੀਂ ਇਹ ਸਮਝਦੇ ਹਾਂ ਕਿ Galleri ਟੈਸਟ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ।

### ਕੀ ਮੈਨੂੰ ਹਿੱਸਾ ਲੈਣਾ ਪਵੇਗਾ?

ਇਸ ਪਰੀਖਣ ਵਿੱਚ ਹਿੱਸਾ ਲੈਣਾ ਪੂਰੀ ਤਰ੍ਹਾਂ ਤੁਹਾਡੀ ਮਰਜ਼ੀ 'ਤੇ ਨਿਰਭਰ ਹੈ। ਜੇ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ, ਜਾਂ ਜੇ ਤੁਸੀਂ ਕਿਸੇ ਵੀ ਸਮੇਂ ਪਰੀਖਣ ਨੂੰ ਛੱਡਣਾ ਚਾਹੁੰਦੇ ਹੋ, ਤਾਂ ਇਸ ਦੇ ਕੋਈ ਮਾੜੇ ਨਤੀਜੇ ਨਹੀਂ ਹੋਣਗੇ, ਅਤੇ ਤੁਹਾਨੂੰ ਇਸ ਦਾ ਕਾਰਨ ਦੱਸਣ ਦੀ ਜ਼ਰੂਰਤ ਵੀ ਨਹੀਂ ਹੈ।

## ਇਸ ਵਿੱਚ ਕਿਹੜੀਆਂ ਸੰਸਥਾਵਾਂ ਸ਼ਾਮਲ ਹਨ?

**GRAIL**
GRAIL Bio UK Ltd. ਇਸ ਪਰੀਖਣ ਦਾ ਮੁੱਖ ਫੰਡ ਪ੍ਰਦਾਤਾ ਅਤੇ ਪ੍ਰਬੰਧਕ ਹੈ। ਇਹ ਸੰਯੁਕਤ ਰਾਜ ਵਿੱਚ GRAIL Inc. ਦੀ ਇੱਕ ਸ਼ਾਖਾ ਹੈ, ਜਿਸ ਨੇ Galleri ਟੈਸਟ ਵਿਕਸਿਤ ਕੀਤਾ ਹੈ।

**NHS**
NHS ਇੰਗਲੈਂਡ ਇੱਕ ਭਾਈਵਾਲ ਹੈ ਅਤੇ ਪਰੀਖਣ ਨਾਲ ਸੰਬੰਧਿਤ ਫਾਲੋ-ਅੱਪ ਅਤੇ ਦੇਖਭਾਲ ਪ੍ਰਦਾਨ ਕਰੇਗਾ। ਨੈਸ਼ਨਲ ਡਿਸੀਜ਼ ਰਜਿਸਟ੍ਰੇਸ਼ਨ ਸਰਵਿਸ ਪਰੀਖਣ ਲਈ ਡੇਟਾ ਪ੍ਰਦਾਨ ਕਰੇਗੀ।

**ਕਿੰਗਜ਼ ਕਾਲਜ ਲੰਡਨ (King's College London)**
ਕੈਂਸਰ ਰਿਸਰਚ UK ਅਤੇ ਕਿੰਗਜ਼ ਕਾਲਜ ਲੰਡਨ (King's College London) ਕੈਂਸਰ ਰੋਕਥਾਮ ਪਰੀਖਣ ਯੂਨਿਟ, ਕਿੰਗਜ਼ ਕਾਲਜ ਲੰਡਨ (King's College London) ਵਿਖੇ ਕੈਂਸਰ ਖੋਜਕਰਤਾਵਾਂ ਅਤੇ ਪਰੀਖਣ ਪ੍ਰਬੰਧਕਾਂ ਦੀ ਇੱਕ ਟੀਮ, ਇਸ ਪਰੀਖਣ ਦਾ ਤਾਲਮੇਲ ਕਰੇਗੀ ਅਤੇ ਨਤੀਜਿਆਂ ਦਾ ਵਿਸ਼ਲੇਸ਼ਣ ਕਰੇਗੀ।

### ਕਿਸ ਨੇ Galleri ਟੈਸਟ ਵਿਕਸਤ ਕੀਤਾ ਹੈ?

Galleri ਟੈਸਟ ਅਮਰੀਕਾ (US) ਦੇ GRAIL ਵਿਖੇ ਖੋਜਕਰਤਾਵਾਂ ਵੱਲੋਂ ਵਿਕਸਤ ਕੀਤਾ ਗਿਆ ਸੀ ਅਤੇ ਇਸ ਦਾ ਉਦੇਸ਼ ਲੋਕਾਂ ਵਿੱਚ ਲੱਛਣਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਕੈਂਸਰ ਦਾ ਪਤਾ ਲਗਾਉਣਾ ਹੈ। ਹੁਣ ਤੱਕ Galleri ਟੈਸਟ ਦੀ ਵਰਤੋਂ ਵਾਲੇ ਪਰੀਖਣ ਵਿੱਚ ਅਮਰੀਕਾ (US), ਬ੍ਰਿਟੇਨ (UK) ਅਤੇ ਕਨੇਡਾ ਦੇ 100,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਹੈ ਅਤੇ ਸ਼ੁਰੂਆਤੀ ਨਤੀਜੇ ਦੱਸਦੇ ਹਨ ਕਿ ਇਹ ਟੈਸਟ ਚੰਗੀ ਤਰ੍ਹਾਂ ਕੰਮ ਕਰ ਸਕਦਾ ਹੈ। NHS ਹੁਣ ਇਹ ਸਮਝਣ ਲਈ ਹੋਰ ਕੰਮ ਕਰਨਾ ਚਾਹੁੰਦਾ ਹੈ ਕੀ ਇਹ ਟੈਸਟ ਭਵਿੱਖ ਵਿੱਚ UK ਵਿੱਚ ਲੋਕਾਂ ਨੂੰ ਨਿਯਮਤ ਰੂਪ ਵਿੱਚ ਪੇਸ਼ ਕਰਨ ‘ਤੇ ਵੀ ਵਧੀਆ ਕੰਮ ਕਰੇਗਾ ਜਾਂ ਨਹੀਂ।

### ਇਸ ਪਰੀਖਣ ਦਾ ਪ੍ਰਬੰਧ ਅਤੇ ਫੰਡ ਪ੍ਰਦਾਤਾ ਕੌਣ ਹੈ?

GRAIL ਇਸ ਪਰੀਖਣ ਦਾ ਮੁੱਖ ਫੰਡ ਪ੍ਰਦਾਤਾ ਅਤੇ ਪ੍ਰਬੰਧਕ ਹੈ। ਉਹ NHS ਇੰਗਲੈਂਡ ਦੇ ਨਾਲ ਭਾਈਵਾਲੀ ਕਰ ਰਹੇ ਹਨ ਜੋ ਭਾਗੀਦਾਰਾਂ ਨੂੰ ਲੋੜੀਂਦੇ ਫਾਲੋ-ਅੱਪ ਟੈਸਟ (ਜਿਵੇਂ ਕਿ ਹੋਰ ਖੂਨ ਜਾਂਚਾਂ ਜਾਂ ਸਕੈਨ) ਪ੍ਰਦਾਨ ਕਰਨਗੇ ਅਤੇ ਜੇ ਉਨ੍ਹਾਂ ਨੂੰ ਕੈਂਸਰ ਦੀ ਬਿਮਾਰੀ ਹੈ ਤਾਂ ਹੋਰ ਇਲਾਜ ਵੀ ਦੇਣਗੇ। ਇਹ ਪਰੀਖਣ ਕੈਂਸਰ ਰਿਸਰਚ UK ਅਤੇ ਕਿੰਗਜ਼ ਕਾਲਜ ਲੰਡਨ (King’s College London) ਕੈਂਸਰ ਰੋਕਥਾਮ ਪਰੀਖਣ ਯੂਨਿਟ, ਕਿੰਗਜ਼ ਕਾਲਜ ਲੰਡਨ (King’s College London) (King’s) ਵਿਖੇ ਕੈਂਸਰ ਖੋਜਕਰਤਾਵਾਂ ਅਤੇ ਪਰੀਖਣ ਪ੍ਰਬੰਧਕਾਂ ਦੀ ਇੱਕ ਟੀਮ ਵੱਲੋਂ ਕੀਤਾ ਜਾਵੇਗਾ।

### ਕੀ ਇਸ ਵਿੱਚ ਕੋਈ ਹੋਰ ਵੀ ਸ਼ਾਮਲ ਹੈ?

ਪਰੀਖਣ ਕਰਨ ਲਈ ਅਸੀਂ UK ਅਤੇ UK ਤੋਂ ਬਾਹਰ ਦੀਆਂ ਕਈ ਹੋਰ ਸੰਸਥਾਵਾਂ ਅਤੇ ਕੰਪਨੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰਾਂਗੇ। ਉਹ ਪਰੀਖਣ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੇ ਖੂਨ ਦੇ ਨਮੂਨਿਆਂ ਅਤੇ ਸਿਹਤ ਜਾਣਕਾਰੀ ਦੀ ਸੰਭਾਲ ਕਰਨਗੇ। ਉਨ੍ਹਾਂ ਨੂੰ ਇਹ ਕੰਮ ਸੁਰੱਖਿਅਤ ਅਤੇ ਰੱਖਿਅਤ ਢੰਗ ਨਾਲ ਕਰਨਾ ਪਵੇਗਾ।

### ਇਸ ਪਰੀਖਣ ਦੀ ਸਮੀਖਿਆ ਕੌਣ ਕਰੇਗਾ, ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸੁਰੱਖਿਅਤ ਅਤੇ ਢੁੱਕਵੇਂ ਨਾਲ ਕੀਤਾ ਜਾ ਰਿਹਾ ਹੈ?

NHS ਦੀ ਨੈਤਿਕਤਾ ਕਮੇਟੀ ਵੱਲੋਂ ਪਰੀਖਣ ਦੀ ਸਮੀਖਿਆ ਕੀਤੀ ਗਈ ਹੈ। ਇਸ ਨੈਤਿਕਤਾ ਕਮੇਟੀ ਦਾ ਕੰਮ ਇਹ ਨਿਸ਼ਚਤ ਕਰਨਾ ਹੈ ਕਿ ਖੋਜ ਪਰੀਖਣ ਚੰਗੀ ਤਰ੍ਹਾਂ ਤਿਆਰ ਕੀਤੇ ਜਾਣ ਅਤੇ ਪੂਰੇ ਕੀਤੇ ਜਾਣ, ਤਾਂ ਜੋ ਪਰੀਖਣ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਬਿਨਾਂ ਕਾਰਣ ਕੋਈ ਨੁਕਸਾਨ ਨਾ ਹੋਵੇ। ਕਮੇਟੀ ਨੇ ਪਰੀਖਣ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਇਹ ਵਿਸ਼ਵਾਸ ਹੈ ਕਿ ਇਹ ਸੁਰੱਖਿਅਤ ਅਤੇ ਢੁੱਕਵੇਂ ਨਾਲ ਪੂਰਾ ਕੀਤਾ ਜਾਵੇਗਾ। NHS ਇੰਗਲੈਂਡ ਅਤੇ NHS ਇਮਪਰੁਵਮੈਂਟ ਵੱਲੋਂ ਆਪਣੇ ਕੰਮ ਦੇ ਹਿੱਸੇ ਵਜੋਂ, ਇੰਗਲੈਂਡ ਦੇ ਲੋਕਾਂ ਲਈ ਕੈਂਸਰ ਦੀ ਮੁਢਲੀ ਜਾਂਚ ਵਿੱਚ ਸੁਧਾਰ ਲਿਆਉਣ ਲਈ ਇਸ ਪਰੀਖਣ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।



IRAS ਪ੍ਰੋਜੈਕਟ ID: 293034 | ਵੇਲਸ REC1 ਹਵਾਲਾ: 21/WA/014 | ਸੂਚਿਤ ਰਜ਼ਾਮੰਦੀ ਸ਼ੀਟ v3.0 25ਜੂਨ2021

## ਹਿੱਸਾ ਲੈਣ ਦੇ ਸੰਭਾਵੀ ਲਾਭ ਅਤੇ ਜੋਖਮ

### ਹਿੱਸਾ ਲੈਣ ਦੇ ਸੰਭਾਵਿਤ ਲਾਭ ਕੀ ਹਨ?

ਜੇ ਤੁਸੀਂ ਹਿੱਸਾ ਲੈਣ ਦਾ ਫੈਸਲਾ ਲੈਂਦੇ ਹੋ, ਤਾਂ ਤੁਸੀਂ ਮਹੱਤਵਪੂਰਣ ਖੋਜ ਵਿੱਚ ਯੋਗਦਾਨ ਦਿਓਗੇ ਜੋ ਭਵਿੱਖ ਵਿੱਚ ਲੋਕਾਂ ਨੂੰ ਲਾਭ ਪਹੁੰਚਾ ਸਕਦੀ ਹੈ। ਇਸ ਪਰੀਖਣ ਦਾ ਉਦੇਸ਼ ਇਹ ਪਤਾ ਕਰਨਾ ਹੈ ਕਿ ਜੇ NHS ਵਿੱਚ ਮਿਆਰੀ ਦੇਖਭਾਲ ਕੈਂਸਰ ਟੈਸਟ ਦੇ ਨਾਲ-ਨਾਲ Galleri ਟੈਸਟ ਦੀ ਵਰਤੋਂ ਕਰਨਾ ਕੈਂਸਰ ਬਾਰੇ ਸ਼ੁਰੂਆਤ ਵਿੱਚ ਪਤਾ ਕਰਨ ਵਿੱਚ ਮਦਦ ਕਰ ਸਕਦਾ ਹੈ ਜਦੋਂ ਇਸ ਦਾ ਇਲਾਜ ਕਰਨਾ ਅਸਾਨ ਹੁੰਦਾ ਹੈ। ਤੁਸੀਂ ਸਿਹਤ ਖੋਜ ਬਾਰੇ ਵਧੇਰੇ ਜਾਣਨ ਦੇ ਢੰਗ ਵਜੋਂ ਹਿੱਸਾ ਲੈਣ ਦਾ ਅਨੰਦ ਵੀ ਲੈ ਸਕਦੇ ਹੋ।

### ਹਿੱਸਾ ਲੈਣ ਦੇ ਸੰਭਾਵਤ ਜੋਖਮ ਕੀ ਹਨ?

ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਕਿ ਭਾਗੀਦਾਰਾਂ ਨੂੰ ਕੋਈ ਨੁਕਸਾਨ ਜਾਂ ਮੁਸ਼ਕਲ ਨਾ ਹੋਵੇ। ਹਾਲਾਂਕਿ, ਕੁਝ ਜੋਖਮ ਹਨ ਜਿਨ੍ਹਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਕਿਉਂਕਿ Galleri ਟੈਸਟ ਵਿੱਚ ਖੂਨ ਦੀ ਜਾਂਚ ਕੀਤੀ ਜਾਂਦੀ ਹੈ, ਇਸ ਲਈ ਤੁਹਾਨੂੰ ਖੂਨ ਦੇ ਨਮੂਨੇ ਦੇਣ ਦੀ ਜ਼ਰੂਰਤ ਹੋਵੇਗੀ। ਹਾਲਾਂਕਿ ਖੂਨ ਦਾ ਨਮੂਨਾ ਦੇਣਾ ਆਮ ਤੌਰ 'ਤੇ ਬਹੁਤ ਸੁਰੱਖਿਅਤ ਹੁੰਦਾ ਹੈ, ਇਸ ਦੇ ਕੁਝ ਸੰਭਵ ਜੋਖਮ ਵੀ ਹੁੰਦੇ ਹਨ ਜਿਨਾਂ ਵਿੱਚ ਬੇਅਰਾਮੀ, ਚੱਕਰ ਆਉਣਾ ਜਾਂ ਲਾਗ ਹੋਣਾ ਸ਼ਾਮਲ ਹਨ।

ਸਾਰੀਆਂ ਮੁਢਲੀਆਂ ਜਾਂਚਾਂ ਦੀ ਤਰ੍ਹਾਂ, Galleri ਟੈਸਟ ਸੰਪੂਰਨ ਨਹੀਂ ਹੈ ਅਤੇ ਇਹ ਗਲਤ ਨਤੀਜਾ ਵੀ ਦੇ ਸਕਦਾ ਹੈ। ਇਸਦਾ ਮਤਲਬ ਹੈ ਕਿ ਇਹ ਸੰਭਵ ਹੈ ਕਿ ਤੁਸੀਂ ਚਿੰਤਾ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਕਰ ਸਕਦੇ ਹੋ ਕਿਉਂਕਿ Galleri ਟੈਸਟ ਦਾ ਨਤੀਜਾ ਅਨਿਸ਼ਚਿਤ ਹੈ ਜਾਂ ਗਲਤ ਵੀ ਹੋ ਸਕਦਾ ਹੈ। ਜੇ ਟੈਸਟ ਵਿੱਚ ਕੈਂਸਰ ਦੇ ਸੰਕੇਤ ਦਾ ਪਤਾ ਚੱਲਦਾ ਹੈ ਅਤੇ ਡਾਕਟਰ ਵੱਲੋਂ ਕੈਂਸਰ ਨਹੀਂ ਪਾਇਆ ਜਾਂਦਾ ਹੈ, ਤਾਂ ਤੁਹਾਡੇ ਬੇਲੋੜੇ ਫਾਲੋ-ਅੱਪ ਟੈਸਟ ਹੋ ਸਕਦੇ ਸਨ। ਇਹਨਾਂ ਫਾਲੋ-ਅੱਪ ਟੈਸਟਾਂ ਦੇ ਆਪਣੇ ਜੋਖਮ ਹੋ ਸਕਦੇ ਹਨ, ਜਿਵੇਂ ਕਿ ਸਕੈਨ ਕਰਕੇ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਣਾ, ਇਸ ਲਈ ਪਹਿਲਾਂ ਆਪਣੇ ਡਾਕਟਰ ਨਾਲ ਗੱਲਬਾਤ ਕਰੋ।

## ਤੁਹਾਡੇ ਕੁਝ ਸਵਾਲ ਹੋ ਸਕਦੇ ਹਨ

### ਮੈਨੂੰ ਚਿੰਤਾ ਹੈ ਕਿ ਮੈਨੂੰ ਕੈਂਸਰ ਹੈ ਜਾਂ ਨਹੀਂ। ਕੀ ਮੈਨੂੰ ਇਸ ਦਾ ਜਵਾਬ ਪ੍ਰਾਪਤ ਕਰਨ ਲਈ ਇਸ ਪਰੀਖਣ ਵਿੱਚ ਹਿੱਸਾ ਲੈਣਾ ਚਾਹੀਦਾ ਹੈ?

ਜੇ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਕੈਂਸਰ ਦੇ ਲੱਛਣ ਹਨ, ਤੁਹਾਨੂੰ ਜਿੰਨੀ ਜਲਦੀ ਹੋ ਸਕੇ ਆਪਣੇ GP ਨੂੰ ਮਿਲਣਾ ਚਾਹੀਦਾ ਹੈ ਅਤੇ ਜਵਾਬ ਪ੍ਰਾਪਤ ਕਰਨ ਲਈ ਇਸ ਪਰੀਖਣ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ ਹੈ।

ਤੁਹਾਨੂੰ ਸ਼ਾਇਦ ਇਸ ਪਰੀਖਣ ਵਿੱਚ ਹਿੱਸਾ ਲੈਣ ਦਾ ਸਿੱਧਾ ਲਾਭ ਨਾ ਹੋਵੇ ਕਿਉਂਕਿ ਇਸ ਗੱਲ ਦੀ ਸੰਭਾਵਨਾ ਸਿਰਫ 50% ਹੀ ਹੈ ਕਿ ਤੁਹਾਡੇ ਖੂਨ ਦੇ ਨਮੂਨੇ ਦੀ ਤੁਰੰਤ ਜਾਂਚ ਕੀਤੀ ਜਾਵੇ।

### ਕੀ ਪਰੀਖਣ ਵਿੱਚ ਹਿੱਸਾ ਲੈਣਾ ਮੇਰੀ ਕੈਂਸਰ ਸੰਬੰਧੀ ਹੋਰ ਮੁਢਲੀ ਜਾਂਚ ਮੁਲਾਕਾਤਾਂ ਦਾ ਵਿਕਲਪ ਹੈ?

ਨਹੀਂ। ਇਹ ਬਹੁਤ ਮਹੱਤਵਪੂਰਣ ਹੈ ਕਿ ਜਦੋਂ ਤੁਹਾਨੂੰ ਆਪਣੀ ਆਮ ਕੈਂਸਰ ਮੁਢਲੀ ਜਾਂਚ ਮੁਲਾਕਾਤਾਂ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਇਹ ਮੁਲਾਕਾਤਾਂ ਕਰਨੀਆਂ ਚਾਹੀਦੀਆਂ ਹਨ। ਜੇ ਤੁਹਾਨੂੰ ਕੋਈ ਲੱਛਣ ਨਜ਼ਰ ਆਉਂਦੇ ਹਨ ਜੋ ਤੁਹਾਡੇ ਲਈ ਨਵੇਂ ਜਾਂ ਅਸਧਾਰਨ ਹਨ, ਤਾਂ ਤੁਹਾਨੂੰ ਆਪਣੇ GP ਨਾਲ ਗੱਲਬਾਤ ਕਰਨ ਲਈ ਮੁਲਾਕਾਤ ਕਰਨੀ ਚਾਹੀਦੀ ਹੈ।

### ਕੀ ਮੈਨੂੰ ਅਧਿਐਨ ਵਿੱਚ ਭਾਗ ਲੈਣ ਵਾਸਤੇ ਭੁਗਤਾਨ ਕੀਤਾ ਜਾਵੇਗਾ?

ਤੁਹਾਨੂੰ ਹਰ ਖੂਨ ਨਮੂਨੇ ਦੀ ਮੁਲਾਕਾਤ ਸਮੇਂ £10 ਦਾ ਗਿਫਟ ਵਾਉਚਰ ਦਿੱਤਾ ਜਾਵੇਗਾ। ਇਸ ਦਾ ਮਤਲਬ ਹੈ ਤੁਹਾਡੇ ਸਮੇਂ ਅਤੇ ਸ਼ਮੂਲੀਅਤ ਲਈ ਤੁਹਾਡਾ ਧੰਨਵਾਦ, ਅਤੇ ਤੁਹਾਡੇ ਵੱਲੋਂ ਕੀਤੇ ਗਏ ਕਿਸੇ ਵੀ ਖਰਚੇ ਨੂੰ ਪੂਰਾ ਕਰਨਾ, ਜਿਵੇਂ ਕਿ ਆਪਣੀ ਮੁਲਾਕਾਤ ਲਈ ਆਉਣਾ-ਜਾਣਾ। ਅਸੀਂ ਹਿੱਸਾ ਲੈਣ ਲਈ ਕੋਈ ਹੋਰ ਭੁਗਤਾਨ ਨਹੀਂ ਕਰ ਸਕਦੇ।

IRAS ਪ੍ਰੋਜੈਕਟ ID: 293034 | ਵੇਲਸ REC1 ਹਵਾਲਾ: 21/WA/014 | ਸੂਚਿਤ ਰਜ਼ਾਮੰਦੀ ਸ਼ੀਟ v3.0 25ਜੂਨ2021

## Galleri ਟੈਸਟ

### Galleri ਟੈਸਟ ਕੀ ਹੈ?

ਜਦੋਂ ਕਿਸੇ ਵਿਅਕਤੀ ਨੂੰ ਕੈਂਸਰ ਹੁੰਦਾ ਹੈ, ਤਾਂ ਕੈਂਸਰ DNA ਦੇ ਛੋਟੇ ਟੁਕੜਿਆਂ ਨੂੰ ਖੂਨ ਦੇ ਪ੍ਰਵਾਹ ਵਿੱਚ ਛੱਡ ਸਕਦਾ ਹੈ। DNA, ਸੈੱਲਾਂ ਵਿੱਚ ਪਾਇਆ ਜਾਂਦਾ ਇੱਕ ਜੈਨੇਟਿਕ ਕੋਡ (ਇੱਕ ਕਿਸਮ ਦੀ ਹਿਦਾਇਤ ਮੈਨੂਅਲ) ਹੁੰਦਾ ਹੈ। ਹਾਲਾਂਕਿ Galleri ਟੈਸਟ ਜੈਨੇਟਿਕ ਕੋਡ ਦੀ ਆਪਣੇ ਆਪ ਪਛਾਣ ਨਹੀਂ ਕਰਦਾ ਹੈ, ਇਹ DNA ਦੇ ਦੂਜੇ ਮਾਰਕਰਾਂ ਦੀ ਪਛਾਣ ਕਰਦਾ ਹੈ ਅਤੇ ਸੰਭਾਵਤ ਕੈਂਸਰ ਦੇ ਸੰਕੇਤ ਬਾਰੇ ਦੱਸਦਾ ਹੈ। Galleri ਟੈਸਟ 50 ਤੋਂ ਵੱਧ ਵੱਖ-ਵੱਖ ਕਿਸਮਾਂ ਦੇ ਕੈਂਸਰ ਦਾ ਸੰਕੇਤ ਦੇ ਸਕਦਾ ਹੈ, ਜਿਸ ਵਿੱਚ ਬਹੁਤ ਸਾਰੇ ਅਜਿਹੇ ਕੈਂਸਰ ਵੀ ਸ਼ਾਮਲ ਹਨ ਜਿਨ੍ਹਾਂ ਲਈ ਕੋਈ ਮੁਢਲੀ ਜਾਂਚ ਪ੍ਰੋਗਰਾਮ ਉਪਲਬਧ ਨਹੀਂ ਹਨ, ਜਿਵੇਂ ਕਿ ਫੇਫੜੇ, ਪਾਚਕ ਜਾਂ ਪੇਟ ਦਾ ਕੈਂਸਰ। ਹਾਲਾਂਕਿ, ਸੰਕੇਤ ਦਾ ਇਹ ਮਤਲਬ ਨਹੀਂ ਕਿ ਵਿਅਕਤੀ ਨੂੰ ਪੱਕਾ ਕੈਂਸਰ ਹੀ ਹੈ। ਇਸਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਕੈਂਸਰ ਹੋ ਸਕਦਾ ਹੈ, ਅਤੇ ਜਾਂਚ ਕਰਨ ਲਈ ਉਨ੍ਹਾਂ ਨੂੰ ਕੁਝ ਫਾਲੋ-ਅੱਪ ਟੈਸਟ ਕਰਵਾਉਣ ਦੀ ਜ਼ਰੂਰਤ ਹੋਵੇਗੀ। ਕਿੰਗਜ਼ ਕਾਲਜ ਲੰਡਨ (King's College London) ਵਿਖੇ ਪਰੀਖਣ ਟੀਮ ਤੁਹਾਡੀਆਂ ਮੁਲਾਕਾਤਾਂ ਦਾ ਪ੍ਰਬੰਧ ਕਰਨ ਵਿੱਚ ਮਦਦ ਕਰੇਗੀ।

### ਜੇ Galleri ਟੈਸਟ ਕਿਸੇ ਵਿਅਕਤੀ ਦੇ ਖੂਨ ਵਿੱਚ ਕੈਂਸਰ ਦਾ ਸੰਕੇਤ ਦਿੰਦਾ ਹੈ, ਤਾਂ ਕੀ ਇਸਦਾ ਮਤਲਬ ਹੈ ਕਿ ਉਸ ਵਿਅਕਤੀ ਨੂੰ ਪੱਕਾ ਕੈਂਸਰ ਹੈ?

ਨਹੀਂ। ਤਕਰੀਬਨ ਅੱਧੇ ਲੋਕ, ਜਿਨ੍ਹਾਂ ਵਿੱਚ ਕੈਂਸਰ ਸੰਕੇਤ ਮਿਲਿਆ ਹੈ, ਉਹਨਾਂ ਵਿੱਚ ਫਾਲੋ-ਅੱਪ ਟੈਸਟਾਂ ਦੌਰਾਨ ਕੈਂਸਰ ਪਾਇਆ ਗਿਆ ਸੀ, ਅਤੇ ਬਾਕੀ ਅੱਧੇ ਲੋਕਾਂ ਨੂੰ ਨਹੀਂ।

### ਜੇ Galleri ਟੈਸਟ ਕਿਸੇ ਵਿਅਕਤੀ ਦੇ ਖੂਨ ਵਿੱਚ ਕੈਂਸਰ ਦਾ ਸੰਕੇਤ ਨਹੀਂ ਦਿੰਦਾ ਹੈ, ਤਾਂ ਕੀ ਇਸਦਾ ਮਤਲਬ ਹੈ ਕਿ ਉਸ ਵਿਅਕਤੀ ਨੂੰ ਪੱਕਾ ਕੈਂਸਰ ਨਹੀਂ ਹੈ?

ਨਹੀਂ, ਜੇ Galleri ਟੈਸਟ ਕੈਂਸਰ ਸੰਕੇਤ ਨਹੀਂ ਦਿੰਦਾ ਹੈ, ਤਾਂ ਇਹ ਕੈਂਸਰ ਹੋਣ ਜਾਂ ਨਾ ਹੋਣ ਨੂੰ ਪੂਰੀ ਤਰ੍ਹਾਂ ਨਕਾਰਦਾ ਨਹੀਂ ਹੈ। ਤੁਹਾਨੂੰ ਅਜੇ ਵੀ ਆਪਣੀ ਆਮ ਕੈਂਸਰ ਮੁਢਲੀ ਜਾਂਚ ਮੁਲਾਕਾਤਾਂ ਵਿੱਚ ਜਾਣਾ ਚਾਹੀਦਾ ਹੈ ਅਤੇ ਆਪਣੇ GP ਨਾਲ ਚਿੰਤਾਜਨਕ ਲੱਛਣਾਂ ਬਾਰੇ ਗੱਲਬਾਤ ਕਰਨ ਲਈ ਮੁਲਾਕਾਤ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੇ ਤੁਸੀਂ ਟੈਸਟ ਸਮੂਹ ਵਿੱਚ ਹੋ ਅਤੇ ਤੁਹਾਡੇ ਖੂਨ ਦੇ ਨਮੂਨੇ ਵਿੱਚ ਕੈਂਸਰ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ, ਤਾਂ ਤੁਹਾਨੂੰ ਇਸ ਬਾਰੇ ਨਹੀਂ ਦੱਸਿਆ ਜਾਵੇਗਾ।

## NHS-Galleri ਪਰੀਖਣ ਵਿੱਚ ਤੁਹਾਨੂੰ ਵੱਖੋ-ਵੱਖਰੇ ਤਜਰਬੇ ਹੋ ਸਕਦੇ ਹਨ



ਸਾਡੇ ਲਈ ਪਰੀਖਣਾਂ ਨੂੰ ਇੱਕ ਵਿਸ਼ੇਸ਼ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ, ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਨਵਾਂ ਟੈਸਟ ਜਾਂ ਇਲਾਜ ਕਿੰਨਾ ਵਧੀਆ ਕੰਮ ਕਰਦਾ ਹੈ। ਇਸ ਦਾ ਪਤਾ ਲਗਾਉਣ ਦਾ ਸਭ ਤੋਂ ਉੱਤਮ ਤਰੀਕਾ ਹੈ, ਲੋਕਾਂ ਦੇ ਦੋ ਸਮੂਹਾਂ ਦੀ ਤੁਲਨਾ ਕਰਨਾ: ਇੱਕ ਸਮੂਹ ਜਿਸ ਨੇ ਨਵਾਂ ਟੈਸਟ ਜਾਂ ਇਲਾਜ ਪ੍ਰਾਪਤ ਕੀਤਾ ਹੈ, ਅਤੇ ਦੂਜਾ ਸਮੂਹ ਜਿਸ ਨੂੰ ਕੁਝ ਨਹੀਂ ਮਿਲਿਆ ਹੈ। ਅਸੀਂ ਇਨ੍ਹਾਂ ਨੂੰ "ਟੈਸਟ" ("test") ਅਤੇ "ਨਿਯੰਤਰਣ" ("control") ਸਮੂਹ ਕਹਿੰਦੇ ਹਾਂ। ਪਰੀਖਣ ਦੌਰਾਨ ਅਤੇ ਬਾਅਦ ਵਿੱਚ, ਅਸੀਂ ਇਹ ਵੇਖਾਂਗੇ ਕਿ ਨਿਯੰਤਰਣ ਸਮੂਹ ਦੀ ਤੁਲਨਾ ਵਿੱਚ ਟੈਸਟ ਸਮੂਹ ਵਿੱਚ ਕੈਂਸਰ ਦਾ ਸ਼ੁਰੂਆਤੀ ਪੜਾਅ ਵਿੱਚ ਪਤਾ ਚੱਲਦਾ ਹੈ ਜਾਂ ਨਹੀਂ।

ਅਸੀਂ ਪਾਈਆਂ ਗਈਆਂ ਕੈਂਸਰਾਂ ਦੀਆਂ ਕਿਸਮਾਂ, ਡਾਇਗਨੋਸਟਿਕ ਟੈਸਟਾਂ ਅਤੇ ਕੈਂਸਰ ਦੇ ਇਲਾਜਾਂ ਦੀਆਂ ਕਿਸਮਾਂ, ਅਤੇ ਨਤੀਜੇ ਨਾ ਪ੍ਰਾਪਤ ਕਰਨ ਵਾਲੇ ਨਿਯੰਤਰਣ ਸਮੂਹ ਦੀ ਤੁਲਨਾ ਵਿੱਚ ਟੈਸਟ ਸਮੂਹ ਦੇ ਨਤੀਜੇ ਕਿੰਨੇ ਕੁ ਸਫਲ ਹਨ, ਬਾਰੇ ਵਾਧੂ ਜਾਣਕਾਰੀ ਨੂੰ ਰਿਕਾਰਡ ਕਰਾਂਗੇ।

### ਕੀ ਮੈਂ ਟੈਸਟ ਸਮੂਹ ਵਿੱਚ ਹੋਵਾਂਗਾ/ਹੋਵਾਂਗੀ ਅਤੇ ਮੇਰੇ ਖੂਨ ਦੀ ਜਾਂਚ ਕੀਤੀ ਜਾਵੇਗੀ? ਜਾਂ ਕੀ ਮੈਂ ਨਿਯੰਤਰਣ ਸਮੂਹ ਵਿੱਚ ਹੋਵਾਂਗਾ/ਹੋਵਾਂਗੀ ਅਤੇ ਮੇਰੇ ਖੂਨ ਦੀ ਜਾਂਚ ਤੁਰੰਤ ਨਹੀਂ ਕੀਤੀ ਜਾਵੇਗੀ?

ਇੱਕ ਕੰਪਿਊਟਰ ਬੇਤਰਤੀਬੇ ਤਰੀਕੇ ਨਾਲ ਚੁਣੇਗਾ ਕਿ ਤੁਸੀਂ ਟੈਸਟ ਸਮੂਹ ਵਿੱਚ ਹੋਵੋਗੇ ਜਾਂ ਨਿਯੰਤਰਣ ਸਮੂਹ ਵਿੱਚ। ਇਹ ਕੰਪਿਊਟਰ ਵੱਲੋਂ ਸਿੱਕਾ ਉਛਾਲਣ ਵਰਗਾ ਹੋਵੇਗਾ: ਤੁਹਾਡੇ ਟੈਸਟ ਸਮੂਹ ਜਾਂ ਨਿਯੰਤਰਣ ਸਮੂਹ ਵਿੱਚ ਜਾਣ ਮੌਕਾ 50%-50% ਹੋਵੇਗਾ। ਅਸੀਂ ਇਸ ਕੰਮ ਲਈ ਕੰਪਿਊਟਰ ਨੂੰ ਚੁਣਿਆ ਹੈ ਕਿਉਂਕਿ ਸਾਨੂੰ ਲਗਦਾ ਹੈ ਕਿ ਇਹ ਸਭ ਤੋਂ ਵਧੀਆ ਤਰੀਕਾ ਹੈ। ਕਿਹੜਾ ਭਾਗੀਦਾਰ ਕਿਸ ਸਮੂਹ ਵਿੱਚ ਜਾਵੇਗਾ, ਇਸ ਦਾ ਫੈਸਲਾ ਕੋਈ ਵਿਅਕਤੀ ਨਹੀਂ ਕਰਦਾ ਹੈ। ਤੁਹਾਨੂੰ ਵੀ ਨਹੀਂ ਦੱਸਿਆ ਜਾਵੇਗਾ ਕਿ ਤੁਸੀਂ ਕਿਸ ਸਮੂਹ ਵਿੱਚ ਹੋ। ਇੱਕ ਵਾਰ ਫਿਰ ਤੋਂ, ਪਰੀਖਣ ਨੂੰ ਇਸ ਤਰ੍ਹਾਂ ਹੀ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਨਤੀਜੇ ਭਰੋਸੇਯੋਗ ਰਹਿਣ।

### ਜੇ ਮੈਨੂੰ ਟੈਸਟ ਸਮੂਹ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ Galleri ਟੈਸਟ ਮੁਤਾਬਕ ਮੇਰੇ ਖੂਨ ਵਿੱਚ ਕੈਂਸਰ ਦਾ ਸੰਕੇਤ ਹੈ, ਤਾਂ ਕੀ ਹੋਵੇਗਾ?

ਤੁਹਾਨੂੰ ਪਰੀਖਣ ਟੀਮ ਦੀ ਇੱਕ ਖੋਜ ਨਰਸ ਵੱਲੋਂ ਫ਼ੋਨ ਰਾਹੀਂ ਸੰਪਰਕ ਕੀਤਾ ਜਾਵੇਗਾ, ਜੋ ਤੁਹਾਨੂੰ ਤੁਹਾਡੇ ਨਤੀਜੇ ਬਾਰੇ ਦੱਸੇਗਾ/ਦੱਸੇਗੀ ਅਤੇ ਇਹ ਵੀ ਦੱਸੇਗਾ/ਦੱਸੇਗੀ ਕੀ ਅੱਗੇ ਕੀ ਹੋਵੇਗਾ। ਤੁਹਾਡੇ GP ਨੂੰ ਉਹਨਾਂ ਦੀ ਜਾਣਕਾਰੀ ਲਈ ਤੁਹਾਡੇ ਨਤੀਜੇ ਬਾਰੇ ਦੱਸਿਆ ਜਾਵੇਗਾ। ਤੁਹਾਨੂੰ ਕੈਂਸਰ ਹੈ ਜਾਂ ਨਹੀਂ, ਇਹ ਪਤਾ ਕਰਨ ਲਈ ਅਸੀਂ ਤੁਹਾਡੇ ਲਈ ਫਾਲੋ-ਅੱਪ ਟੈਸਟ ਲਈ ਖੇਤਰੀ ਹਸਪਤਾਲ ਵਿੱਚ ਇੱਕ NHS ਮੁਲਾਕਾਤ ਦਾ ਪ੍ਰਬੰਧ ਕਰਾਂਗੇ। ਇਸ ਮੁਲਾਕਾਤ ਦਾ ਪ੍ਰਬੰਧ ਕਰਨ ਤੋਂ ਬਾਅਦ, ਹਸਪਤਾਲ ਦੀ ਟੀਮ ਕੈਂਸਰ ਸੰਕੇਤ ਦੇ ਨਤੀਜਿਆਂ ਦੀ ਜਾਂਚ ਕਰਨ ਲਈ ਅਗਲੇ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗੀ। ਫਾਲੋ-ਅੱਪ ਟੈਸਟਾਂ ਵਿੱਚ ਸਕੈਨ, ਸਕੋਪਸ ਜਾਂ ਹੋਰ ਖੂਨ ਜਾਂਚਾਂ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ। ਤੁਹਾਡੇ ਫਾਲੋ-ਅੱਪ ਟੈਸਟ ਸਥਾਨਕ ਸਮੇਂ-ਸੀਮਾ ਅਤੇ ਉਪਲਬਧਤਾ ਦੇ ਅਧਾਰ 'ਤੇ ਜਲਦੀ ਤੋਂ ਜਲਦੀ ਬੁੱਕ ਕੀਤੇ ਜਾਣਗੇ। ਜੇ ਤੁਹਾਨੂੰ ਪਰੀਖਣ ਟੀਮ ਨਾਲ ਗੱਲਬਾਤ ਕਰਨ ਦੇ ਪੰਜ ਕਾਰਜਕਾਰੀ ਦਿਨਾਂ ਦੇ ਅੰਦਰ ਹਸਪਤਾਲ ਤੋਂ ਕੋਈ ਜਵਾਬ ਨਹੀਂ ਮਿਲਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ NHS ਮੁਲਾਕਾਤ ਬਾਰੇ ਹੋਰ ਜਾਣਕਾਰੀ ਲਈ 0800 030 9245 'ਤੇ ਸੰਪਰਕ ਕਰੋ।

### ਜੇ Galleri ਟੈਸਟ ਵਿੱਚ ਪਤਾ ਲੱਗਦਾ ਹੈ ਕਿ ਮੈਨੂੰ ਕੈਂਸਰ ਸੰਕੇਤ ਮਿਲਿਆ ਹੈ, ਪਰ ਮੇਰੇ ਡਾਕਟਰ ਨੂੰ ਕੈਂਸਰ ਨਹੀਂ ਮਿਲਿਆ ਹੈ, ਤਾਂ ਕਿ ਹੋਵੇਗਾ?

ਜੇ Galleri ਟੈਸਟ ਵਿਚ ਕੈਂਸਰ ਦਾ ਸੰਕੇਤ ਮਿਲਦਾ ਹੈ, ਪਰ ਤੁਹਾਡੇ ਮਾਹਰ ਡਾਕਟਰ ਵੱਲੋਂ ਕੈਂਸਰ ਨਹੀਂ ਪਾਇਆ ਜਾਂਦਾ ਹੈ, ਤਾਂ ਅਸੀਂ ਤੁਹਾਨੂੰ ਅਧਿਐਨ ਮੁਲਾਕਾਤਾਂ ਲਈ ਵਾਪਸ ਆਉਣ ਅਤੇ ਨਾਲ ਹੀ ਉਨ੍ਹਾਂ ਮੁਲਾਕਾਤਾਂ 'ਤੇ Galleri ਟੈਸਟ ਲਈ ਖੂਨ ਦੇ ਨਮੂਨੇ ਦੇਣਾ ਜਾਰੀ ਰੱਖਣ ਲਈ ਕਹਾਂਗੇ।

### ਜੇ ਮੈਨੂੰ ਟੈਸਟ ਸਮੂਹ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ Galleri ਟੈਸਟ ਮੁਤਾਬਕ ਮੇਰੇ ਖੂਨ ਵਿੱਚ ਕੈਂਸਰ ਦਾ ਸੰਕੇਤ ਨਹੀਂ ਹੈ, ਤਾਂ ਕੀ ਹੋਵੇਗਾ?

ਤੁਹਾਨੂੰ ਇੱਕ ਪੱਤਰ ਮਿਲੇਗਾ ਜਿਸ ਵਿੱਚ ਕਿਹਾ ਗਿਆ ਹੋਵੇਗਾ ਕਿ ਤੁਹਾਡਾ ਨਮੂਨਾ ਪ੍ਰਾਪਤ ਹੋ ਗਿਆ ਹੈ। ਅਸੀਂ ਤੁਹਾਨੂੰ ਇਹ ਨਹੀਂ ਦੱਸਾਂਗੇ ਕਿ ਕੈਂਸਰ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ। ਇਸ ਦੇ ਦੋ ਕਾਰਣ ਹਨ:

1. ਸਾਨੂੰ ਅਜੇ ਪਤਾ ਨਹੀਂ ਹੈ ਕਿ ਇਸ ਸਥਿਤੀ ਵਿੱਚ Galleri ਟੈਸਟ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ, ਇਸ ਲਈ ਅਸੀਂ ਲੋਕਾਂ ਨੂੰ ਝੂਠਾ ਭਰੋਸਾ ਨਹੀਂ ਦੇਣਾ ਚਾਹੁੰਦੇ।

2. ਪਰੀਖਣ ਵਿੱਚ, ਅਕਸਰ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਕਿਸ ਸਮੂਹ ਵਿੱਚ ਹਨ। ਭਰੋਸੇਯੋਗ ਖੋਜ ਨਤੀਜੇ ਪ੍ਰਾਪਤ ਕਰਨ ਲਈ ਅਜਿਹਾ ਕਰਨਾ ਮਹੱਤਵਪੂਰਨ ਹੈ। ਜੇ ਲੋਕਾਂ ਨੂੰ ਇਹ ਪਤਾ ਹੋਵੇ ਕਿ ਉਹ ਕਿਸ ਸਮੂਹ ਵਿੱਚ ਹਨ, ਤਾਂ ਇਹ ਖੋਜ ਨਤੀਜਿਆਂ ਨੂੰ ਘੱਟ ਸਪਸ਼ਟ ਜਾਂ ਘੱਟ ਭਰੋਸੇਮੰਦ ਬਣਾ ਸਕਦਾ ਹੈ।

### ਜੇ ਮੈਨੂੰ ਨਿਯੰਤਰਣ ਸਮੂਹ ਵਿੱਚ ਪਾਇਆ ਜਾਂਦਾ ਹੈ, ਤਾਂ ਮੇਰੇ ਖੂਨ ਨਮੂਨਿਆਂ ਦਾ ਕੀ ਹੁੰਦਾ ਹੈ? ਕੀ ਉਨ੍ਹਾਂ ਦੀ ਕਦੇ ਜਾਂਚ ਕੀਤੀ ਜਾਵੇਗੀ?

ਭਵਿੱਖ ਵਿੱਚ ਨਿਯੰਤਰਣ ਸਮੂਹ ਦੇ ਨਮੂਨਿਆਂ ਦੀ ਜਾਂਚ Galleri ਟੈਸਟ ਨਾਲ ਕੀਤੀ ਜਾ ਸਕਦੀ ਹੈ, ਤਾਂ ਜੋ ਟੈਸਟ ਸਮੂਹ ਅਤੇ ਨਿਯੰਤਰਣ ਸਮੂਹ ਵਿੱਚ ਲੋਕਾਂ ਨਾਲ ਕੀ ਹੋਇਆ ਹੈ ਉਸ ਅੰਤਰ ਨੂੰ ਸਮਝਣ ਵਿੱਚ ਮਦਦ ਮਿਲ ਸਕੇ। ਜੇ ਤੁਸੀਂ ਨਿਯੰਤਰਣ ਸਮੂਹ ਵਿੱਚ ਹੋ, ਤਾਂ ਵੀ ਸ਼ਾਇਦ ਤੁਹਾਡੀ NHS ਵੱਲੋਂ ਕੈਂਸਰ ਦੀ ਜਾਂਚ ਕੀਤੀ ਜਾ ਸਕਦੀ ਹੈ, ਪਰ ਤੁਹਾਨੂੰ ਪਰੀਖਣ ਤੋਂ ਕੋਈ ਨਤੀਜਾ ਨਹੀਂ ਮਿਲੇਗਾ, ਪਰੀਖਣ ਖ਼ਤਮ ਹੋਣ ਤੋਂ ਬਾਅਦ ਵੀ ਨਹੀਂ। ਤੁਹਾਨੂੰ ਇਹ ਵੀ ਪੁੱਛਿਆ ਜਾਵੇਗਾ ਕੀ ਪਰੀਖਣ ਤੋਂ ਬਾਅਦ ਤੁਹਾਡੇ ਨਮੂਨਿਆਂ ਨੂੰ ਸਟੋਰ ਕੀਤਾ ਅਤੇ ਉਹਨਾਂ 'ਤੇ ਟੈਸਟ ਕੀਤਾ ਜਾ ਸਕਦਾ ਹੈ, ਤਾਂ ਜੋ ਹੋਰ ਖੋਜਾਂ ਵਿੱਚ ਸੁਧਾਰ ਲਿਆ ਕੇ ਪਤਾ ਕੀਤਾ ਜਾ ਸਕੇ ਕਿ ਟੈਸਟ ਕਿੰਨੀ ਚੰਗੀ ਤਰ੍ਹਾਂ ਕੰਮ ਕਰਦਾ ਹੈ।


IRAS ਪ੍ਰੋਜੈਕਟ ID: 293034 | ਵੇਰਸ REC1 ਹਵਾਲਾ: 21/WA/014 | ਸੂਚਿਤ ਰਜ਼ਾਮੰਦੀ ਸ਼ੀਟ v3.0 25ਜੂਨ2021

## ਆਪਣੇ ਖੂਨ ਦਾ ਨਮੂਨਾ ਦੇਣ ਲਈ ਮੋਬਾਈਲ ਕਲੀਨਿਕ ਵਿੱਚ ਸ਼ਾਮਲ ਹੋਣਾ

ਅਸੀਂ ਕਲੀਨਿਕਾਂ ਵਜੋਂ ਵੱਡੀਆਂ ਮੋਬਾਈਲ ਯੂਨਿਟਾਂ ਅਤੇ ਛੋਟੀਆਂ ਮੋਬਾਈਲ ਵੈਨਾਂ ਦੀ ਵਰਤੋਂ ਕਰਾਂਗੇ, ਜਿੱਥੇ ਅਸੀਂ ਭਾਗੀਦਾਰਾਂ ਨੂੰ ਮਿਲਾਂਗੇ ਅਤੇ Galleri ਟੈਸਟ ਲਈ ਲੋੜੀਂਦੇ ਖੂਨ ਨਮੂਨੇ ਲਵਾਂਗੇ। ਇੱਕ ਮੋਬਾਈਲ ਕਲੀਨਿਕ ਹੋਵੇਗਾ ਜਿੱਥੇ ਤੁਹਾਡੇ ਲਈ ਆਉਣਾ ਸੁਵਿਧਾਜਨਕ ਹੋਵੇ। ਇਹ ਕਲੀਨਿਕ ਜ਼ਿਆਦਾਤਰ, ਸੁਪਰ ਮਾਰਕੀਟ ਕਾਰ ਪਾਰਕਾਂ ਵਿੱਚ ਸਥਿਤ ਹੋਣਗੇ, ਜਿੱਥੇ ਮੁਫਤ ਪਾਰਕਿੰਗ ਉਪਲਬਧ ਹੋਵੇ। ਇਸ ਨਾਲ ਇਹ ਜਨਤਕ ਆਵਾਜਾਈ ਸਾਧਨਾਂ ਨਾਲ ਵੀ ਪਹੁੰਚਯੋਗ ਹੋਣਗੇ।




### ਪਹਿਲੀ ਮੁਲਾਕਾਤ 'ਤੇ ਕੀ ਹੋਵੇਗਾ?

ਪਰੀਖਣ ਲਈ ਰਜਿਸਟਰ ਕਰਨ 'ਤੇ ਅਤੇ ਆਪਣੀ ਮੁਲਾਕਾਤ ਨਿਰਧਾਰਤ ਕਰਨ 'ਤੇ ਤੁਹਾਨੂੰ ਤੁਹਾਡੇ ਕੈਂਸਰ ਇਤਿਹਾਸ ਬਾਰੇ ਸਵਾਲ ਪੁੱਛੇ ਜਾਣਗੇ। ਅਸੀਂ ਇਹ ਸਵਾਲ ਇਸ ਲਈ ਪੁੱਛ ਰਹੇ ਹਾਂ, ਤਾਂਕਿ ਇਹ ਯਕੀਨੀ ਬਣਾਈ ਜਾ ਸਕੇ ਕਿ ਤੁਸੀਂ ਸੰਭਵ ਤੌਰ 'ਤੇ ਇਸ ਪਰੀਖਣ ਲਈ ਢੁੱਕਵੇਂ ਹੋ ਜਾਂ ਨਹੀਂ। ਜਦੋਂ ਤੁਸੀਂ ਆਪਣੀ ਪਹਿਲੀ ਮੁਲਾਕਾਤ ਲਈ ਆਉਂਦੇ ਹੋ, ਤਾਂ ਅਸੀਂ ਤੁਹਾਨੂੰ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਕੁਝ ਹੋਰ ਵਿਸਤ੍ਰਿਤ ਸਵਾਲ ਪੁੱਛਾਂਗੇ, ਤਾਂ ਜੋ ਇਹ ਯਕੀਨੀ ਬਣਾਈ ਜਾ ਸਕੇ ਕਿ ਇਹ ਪਰੀਖਣ ਤੁਹਾਡੇ ਲਈ ਢੁੱਕਵਾਂ ਹੈ ਜਾਂ ਨਹੀਂ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਰੇ ਭਾਗੀਦਾਰ ਯੋਗਤਾ ਦੇ ਕੁਝ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ, ਤਾਂਕਿ ਇਹ ਯਕੀਨੀ ਬਣਾਈ ਜਾ ਸਕੇ ਕਿ ਤੁਹਾਡਾ ਹਿੱਸਾ ਲੈਣਾ ਸੁਰੱਖਿਅਤ ਹੈ ਅਤੇ ਪਰੀਖਣ ਦੇ ਨਤੀਜੇ ਭਰੋਸੇਯੋਗ ਹਨ। ਇਹ ਸੰਭਵ ਹੈ ਕਿ ਪਹਿਲੀ ਮੁਲਾਕਾਤ 'ਤੇ ਇਹ ਗੱਲ ਸਾਹਮਣੇ ਆਵੇ ਕਿ ਤੁਸੀਂ ਇਸ ਪਰੀਖਣ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਹੋ। ਜੇ ਅਜਿਹਾ ਹੁੰਦਾ ਹੈ, ਅਸੀਂ ਇਸ ਦਾ ਕਾਰਨ ਦੱਸਾਂਗੇ ਕਿ ਤੁਸੀਂ ਭਾਗ ਕਿਉਂ ਨਹੀਂ ਲੈ ਸਕਦੇ। ਜੇ ਤੁਸੀਂ ਯੋਗ ਨਹੀਂ ਹੁੰਦੇ ਹੋ, ਤਾਂ ਅਸੀਂ ਖੂਨ ਦੇ ਨਮੂਨੇ ਨਹੀਂ ਲਵਾਂਗੇ।

ਜੇ ਤੁਸੀਂ ਪਰੀਖਣ ਲਈ ਯੋਗ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਪਰੀਖਣ ਸੰਬੰਧੀ ਇੱਕ ਛੋਟਾ ਵੀਡੀਓ ਵੇਖਣ ਲਈ ਕਹਾਂਗੇ ਅਤੇ ਤੁਹਾਨੂੰ ਆਪਣੇ ਸਵਾਲ ਪੁੱਛਣ ਦਾ ਮੌਕਾ ਵੀ ਦੇਵਾਂਗੇ। ਜੇ ਤੁਸੀਂ ਅੱਗੇ ਵਧਣ ਲਈ ਤਿਆਰ ਹੋ, ਤਾਂ ਇਸ ਗੱਲ ਦੀ ਪੁਸ਼ਟੀ ਕਰਨ ਲਈ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ, ਅਸੀਂ ਤੁਹਾਨੂੰ ਰਜ਼ਾਮੰਦੀ ਫਾਰਮ ਨੂੰ ਭਰਨ ਲਈ ਕਹਾਂਗੇ।

ਕਿਉਂਕਿ Galleri ਟੈਸਟ ਵਿੱਚ ਖੂਨ ਦੀ ਜਾਂਚ ਕੀਤੀ ਜਾਂਦੀ ਹੈ, ਇਸ ਲਈ ਤੁਹਾਨੂੰ ਥੋੜ੍ਹਾ ਜਿਹਾ ਖੂਨ ਦਾ ਨਮੂਨਾ ਦੇਣ ਦੀ ਜ਼ਰੂਰਤ ਹੋਵੇਗੀ। ਇਹ ਆਮ ਖੂਨ ਜਾਂਚ ਜਿਹਾ ਹੋਵੇਗਾ ਅਤੇ ਖੂਨ ਲੈਣ ਲਈ ਸਿਖਲਾਈ ਪ੍ਰਾਪਤ ਮਾਹਰ (ਫਲੇਬੋਟੋਮਿਸਟ) ਵੱਲੋਂ ਖੂਨ ਦਾ ਨਮੂਨਾ ਲਿਆ ਜਾਵੇਗਾ। ਬਹੁਤ ਘੱਟ ਮਾਮਲਿਆਂ ਵਿੱਚ ਤੁਹਾਡੇ ਖੂਨ ਦੇ ਨਮੂਨੇ ਨਾਲ ਸਮੱਸਿਆ ਆ ਸਕਦੀ ਹੈ, ਜਿਵੇਂ ਕਿ ਇਹ ਸ਼ਿਪਮੈਂਟ ਵਿੱਚ ਗੁੰਮ ਜਾਵੇ, ਤਾਂ ਤੁਹਾਨੂੰ ਹੋਰ ਖੂਨ ਨਮੂਨੇ ਦੇਣ ਲਈ ਕਿਹਾ ਜਾ ਸਕਦਾ ਹੈ।

ਤੁਹਾਡੀ ਪਹਿਲੀ ਮੁਲਾਕਾਤ ਦੌਰਾਨ, ਤੁਹਾਨੂੰ ਇੱਕ ਸਰਵੇਖਣ ਪੂਰਾ ਕਰਨ ਲਈ ਕਿਹਾ ਜਾਵੇਗਾ। ਇਸ ਸਰਵੇਖਣ ਵਿੱਚ ਤੁਹਾਨੂੰ ਤੁਹਾਡੇ ਨਿੱਜੀ ਵੇਰਵੇ, ਸਿਹਤ ਵਿਵਹਾਰ ਅਤੇ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਪੁੱਛਿਆ ਜਾਵੇਗਾ। ਤੁਹਾਨੂੰ ਇਹ ਵੀ ਪੁੱਛਿਆ ਜਾਵੇਗਾ ਕੀ ਤੁਸੀਂ ਆਪਣੇ ਡਾਕਟਰੀ ਰਿਕਾਰਡਾਂ ਤੋਂ ਆਪਣੀ ਸਿਹਤ ਸੰਬੰਧੀ ਜਾਣਕਾਰੀ ਸਾਂਝੇ ਕਰਨ ਲਈ ਸਹਿਮਤ ਹੋ ਜਾਂ ਨਹੀਂ। ਇਸ ਵਿੱਚ ਕੈਂਸਰ ਦੇ ਨਿਦਾਨ ਅਤੇ ਪ੍ਰਾਪਤ ਇਲਾਜ ਜਿਹੀ ਜਾਣਕਾਰੀ ਸ਼ਾਮਲ ਹੈ। ਤੁਹਾਡੀ ਪਹਿਲੀ ਮੁਲਾਕਾਤ ਲਗਭਗ 45 ਮਿੰਟ ਚੱਲੇਗੀ।

### ਤੁਹਾਡੀ ਮੁਲਾਕਾਤ ਮੌਕੇ ਕੀ ਹੋਵੇਗਾ

- **ਮੁਲਾਕਾਤ ਲਈ ਆਉਣਾ:** ਅਸੀਂ ਤੁਹਾਡੀ ਬੁਕਿੰਗ ਜਾਣਕਾਰੀ ਦੇਖਾਂਗੇ।
- **ਯੋਗਤਾ:** ਅਸੀਂ ਇਹ ਦੇਖਾਂਗੇ ਕਿ ਤੁਸੀਂ ਪਰੀਖਣ ਲਈ ਯੋਗ ਹੋ ਜਾਂ ਨਹੀਂ।
- **ਵੀਡੀਓ:** ਅਸੀਂ ਤੁਹਾਨੂੰ ਪਰੀਖਣ ਸੰਬੰਧੀ ਇੱਕ ਛੋਟਾ ਵੀਡੀਓ ਵੇਖਣ ਲਈ ਕਹਾਂਗੇ ਅਤੇ ਤੁਹਾਡੇ ਸਵਾਲਾਂ ਦਾ ਜਵਾਬ ਵੀ ਦੇਵਾਂਗੇ।
- **ਸਹਿਮਤੀ:** ਅਸੀਂ ਤੁਹਾਨੂੰ ਰਜ਼ਾਮੰਦੀ ਫਾਰਮ ਨੂੰ ਪੂਰਾ ਕਰਨ ਲਈ ਕਹਾਂਗੇ।
- **ਖੂਨ ਦਾ ਨਮੂਨਾ:** ਅਸੀਂ ਤੁਹਾਨੂੰ ਖੂਨ ਦਾ ਥੋੜ੍ਹਾ ਜਿਹਾ ਨਮੂਨਾ ਦੇਣ ਲਈ ਕਿਹਾ ਕਰਾਂਗੇ।
- **ਸਰਵੇਖਣ:** ਅਸੀਂ ਤੁਹਾਨੂੰ ਤੁਹਾਡੀ ਸਿਹਤ ਬਾਰੇ ਸਰਵੇਖਣ ਪੂਰਾ ਕਰਨ ਲਈ ਕਹਾਂਗੇ।
- **ਵਾਉਚਰ:** ਸਾਡੇ ਵੱਲੋਂ ਤੁਹਾਨੂੰ ਆਪਣਾ ਕੀਮਤੀ ਦੇਣ ਲਈ ਧੰਨਵਾਦ ਵੱਜੋਂ £10 ਦਾ ਵਾਉਚਰ ਦਿੱਤਾ ਜਾਵੇਗਾ।

### ਮੈਨੂੰ ਕਿੰਨੀਆਂ ਮੁਲਾਕਾਤਾਂ ਕਰਨੀਆਂ ਪੈਣਗੀਆਂ?

ਅਸੀਂ ਭਾਗੀਦਾਰਾਂ ਨੂੰ ਦੋ ਸਾਲਾਂ ਦੇ ਅਰਸੇ ਦੌਰਾਨ ਕੁੱਲ ਤਿੰਨ ਮੁਲਾਕਾਤਾਂ ਕਰਨ ਲਈ ਸੱਦਾ ਦੇਵਾਂਗੇ। ਬਾਅਦ ਦੀਆਂ ਦੋ ਮੁਲਾਕਾਤਾਂ ਘੱਟ ਸਮੇਂ ਦੀਆਂ ਹੋਣਗੀਆਂ, ਸ਼ਾਇਦ ਹਰ ਵਾਰ 15 ਮਿੰਟ, ਅਤੇ ਇਹ ਮੋਬਾਈਲ ਕਲੀਨਿਕਾਂ ਵਿੱਚ ਹੋਣਗੀਆਂ। ਭਾਗੀਦਾਰਾਂ ਨੂੰ ਵਾਧੂ ਸਰਵੇਖਣਾਂ ਨੂੰ ਪੂਰਾ ਕਰਨ ਲਈ ਵੀ ਕਿਹਾ ਜਾ ਸਕਦਾ ਹੈ, ਤਾਂ ਜੋ ਅਸੀਂ ਪਰੀਖਣ ਵਿੱਚ ਉਨ੍ਹਾਂ ਦੇ ਤਜ਼ਰਬਿਆਂ ਬਾਰੇ ਮਹੱਤਵਪੂਰਣ ਜਾਣਕਾਰੀ ਪ੍ਰਾਪਤ ਕਰ ਸਕੀਏ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਹਾਨੂੰ ਵਾਰ-ਵਾਰ ਸਰਵੇਖਣ ਭਰਨ ਲਈ ਨਾ ਕਿਹਾ ਜਾਵੇ। ਅਸੀਂ ਤੁਹਾਨੂੰ ਬਾਅਦ ਵਿੱਚ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਸੱਦਾ ਦੇ ਸਕਦੇ ਹਾਂ, ਪਰ ਇਹ ਪੂਰੀ ਤਰ੍ਹਾਂ ਵਿਕਲਪਿਕ ਹੋਵੇਗਾ।

### ਕੀ ਕੋਵਿਡ-19 ਮਹਾਂਮਾਰੀ ਦੌਰਾਨ ਖੂਨ ਦਾ ਨਮੂਨਾ ਦੇਣਾ ਸੁਰੱਖਿਅਤ ਰਹੇਗਾ?

ਕਲੀਨਿਕਾਂ ਵਿੱਚ ਖੂਨ ਦੇ ਨਮੂਨੇ ਲੈਣ ਵਾਲਾ ਸਟਾਫ, ਤੁਹਾਨੂੰ ਸੁਰੱਖਿਅਤ ਰੱਖਣ ਲਈ NHS ਦੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ। ਸਟਾਫ ਦੇ ਫੇਸ ਮਾਸਕ ਪਾਇਆ ਹੋਵੇਗਾ ਅਤੇ ਸਮਾਜਕ ਦੂਰੀ ਦੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ। ਮੁਲਾਕਾਤ ਦੌਰਾਨ ਖੂਨ ਦਾ ਨਮੂਨਾ ਲੈਣ ਵਾਲਾ ਵਿਅਕਤੀ ਹੀ ਸਰੀਰਕ ਤੌਰ 'ਤੇ ਤੁਹਾਡੇ ਨੇੜੇ ਹੋਵੇਗਾ। ਤੁਹਾਨੂੰ ਆਪਣੀ ਮੁਲਾਕਾਤ ਲਈ ਫੇਸ ਮਾਸਕ ਪਹਿਨਣ ਦੀ ਜ਼ਰੂਰਤ ਹੋਵੇਗੀ। **ਅਸੀਂ ਸਾਰੇ ਸੁਰੱਖਿਆ ਉਪਾਅ ਲਾਗੂ ਕਰਾਂਗੇ।**

### ਮੁਲਾਕਾਤ ਤੋਂ ਬਾਅਦ ਮੈਨੂੰ ਕਿੰਨੀ ਜਲਦੀ ਟੈਸਟ ਦਾ ਨਤੀਜਾ ਪ੍ਰਾਪਤ ਹੋਵੇਗਾ?

**ਸਿਰਫ ਕੈਂਸਰ ਸੰਕੇਤ ਮਿਲਣ ਵਾਲੇ ਲੋਕਾਂ ਨੂੰ ਹੀ ਉਹਨਾਂ ਦੇ ਟੈਸਟ ਦਾ ਨਤੀਜਾ ਦਿੱਤਾ ਜਾਵੇਗਾ।** ਜੇ ਟੈਸਟ ਨਤੀਜਾ ਤੁਹਾਡੇ ਖੂਨ ਵਿੱਚ ਕੈਂਸਰ ਦਾ ਸੰਕੇਤ ਦਰਸਾਉਂਦਾ ਹੈ, ਤਾਂ ਪਰੀਖਣ ਟੀਮ ਦੀ ਖੋਜ ਨਰਸ ਵੱਲੋਂ ਤੁਹਾਨੂੰ ਨਤੀਜਾ ਦੱਸਣ ਲਈ ਫੋਨ ਰਾਹੀਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜ਼ਿਆਦਾਤਰ ਨਤੀਜੇ 30 ਦਿਨਾਂ ਦੇ ਅੰਦਰ-ਅੰਦਰ ਦੱਸ ਦਿੱਤੇ ਜਾਣਗੇ, ਪਰ ਕਦੇ-ਕਦੇ, ਇਸ ਵਿੱਚ ਕੁਝ ਦਿਨ ਹੋਰ ਲੱਗ ਸਕਦੇ ਹਨ।

ਯਾਦ ਰੱਖੋ, ਜੇ ਤੁਸੀਂ ਟੈਸਟ ਸਮੂਹ ਵਿੱਚ ਹੋ ਅਤੇ Galleri ਟੈਸਟ ਮੁਤਾਬਕ ਤੁਹਾਡੇ ਖੂਨ ਵਿੱਚ ਕੈਂਸਰ ਦਾ ਕੋਈ ਸੰਕੇਤ ਨਹੀਂ ਹੈ, ਤਾਂ ਤੁਹਾਨੂੰ ਇਸ ਨਤੀਜੇ ਬਾਰੇ ਨਹੀਂ ਦੱਸਿਆ ਜਾਵੇਗਾ।

ਜੇ ਤੁਸੀਂ ਨਿਯੰਤਰਣ ਸਮੂਹ ਵਿੱਚ ਹੋ, ਤਾਂ ਤੁਹਾਡੇ ਖੂਨ ਨਮੂਨੇ ਦੀ Galleri ਟੈਸਟ ਨਾਲ ਤੁਰੰਤ ਜਾਂਚ ਨਹੀਂ ਕੀਤੀ ਜਾਵੇਗੀ, ਇਸ ਲਈ ਤੁਹਾਨੂੰ ਨਤੀਜਾ ਨਹੀਂ ਦੱਸਿਆ ਜਾਵੇਗਾ।

ਇਸਦਾ ਮਤਲਬ ਇਹ ਹੈ ਕਿ ਪਰੀਖਣ ਵਿੱਚ ਜ਼ਿਆਦਾਤਰ ਲੋਕਾਂ ਨੂੰ ਪਰੀਖਣ ਦਾ ਨਤੀਜਾ ਨਹੀਂ ਦਿੱਤਾ ਜਾਵੇਗਾ।

## ਪਰੀਖਣ ਵਿੱਚ ਤੁਹਾਡੇ ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ।

ਜੇ ਤੁਸੀਂ ਇਸ ਪਰੀਖਣ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਅਤੇ ਸਿਹਤ ਸੰਬੰਧੀ ਜਾਣਕਾਰੀ GRAIL Bio UK ਅਤੇ ਕਿੰਗਜ਼ ਕਾਲਜ ਲੰਡਨ (King's College London) (King's) ਦੇ ਪਰੀਖਣ ਡੇਟਾਬੇਸ ਵਿੱਚ ਸ਼ਾਮਲ ਕਰਾਂਗੇ। ਤੁਹਾਡੇ ਸਾਰੇ ਪਰੀਖਣ ਡੇਟਾ ਨੂੰ ਡੇਟਾ ਪ੍ਰੋਟੈਕਸ਼ਨ ਐਕਟ (Data Protection Act) (2018) ਅਤੇ UK ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (UK General Data Protection Regulation) ਮੁਤਾਬਕ ਸੁਰੱਖਿਅਤ ਕੀਤਾ ਜਾਵੇਗਾ। GRAIL Bio UK ਅਤੇ King's ਦੋਵੇਂ ਮਿਲ ਕੇ ਤੁਹਾਡੀ ਜਾਣਕਾਰੀ ਦੇ ਡੇਟਾ ਨਿਯੰਤਰਕ ਹੋਣਗੇ, ਜਿਸਦਾ ਮਤਲਬ ਹੈ ਕਿ ਉਹ ਤੁਹਾਡੇ ਡੇਟਾ ਦੀ ਵਰਤੋਂ ਕਰਨ ਬਾਰੇ ਫੈਸਲੇ ਲੈ ਸਕਣਗੇ। ਤੁਹਾਡੇ ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ, ਇਸ ਬਾਰੇ ਵਧੇਰੇ ਜਾਣਕਾਰੀ ਇੱਥੇ ਪ੍ਰਾਪਤ ਕੀਤੀ ਜਾ ਸਕਦੀ ਹੈ: www.nhs-galleri.org/PrivacyNotice

ਪਰੀਖਣ ਟੀਮ ਦੇ ਉਹ ਮੈਂਬਰ ਜਿਨ੍ਹਾਂ ਨੂੰ ਤੁਹਾਡੀ ਨਿੱਜੀ ਜਾਣਕਾਰੀ ਨੂੰ ਵੇਖਣ ਦੀ ਲੋੜ, ਸਿਰਫ ਉਹਨਾਂ ਨੂੰ ਹੀ ਪਰੀਖਣ ਦੇ ਉਦੇਸ਼ਾਂ ਲਈ ਇਸ ਤੱਕ ਪਹੁੰਚ ਪ੍ਰਾਪਤ ਹੋਵੇਗੀ। ਤੁਹਾਡੀ ਭਾਗੀਦਾਰੀ ਵਿੱਚ ਸ਼ਾਮਲ GRAIL Bio UK ਅਤੇ King's ਦੇ ਸਟਾਫ ਨੂੰ ਅਤੇ ਪਰੀਖਣ ਦੇ ਉਦੇਸ਼ਾਂ ਲਈ ਮਨਜ਼ੂਰਸ਼ੁਦਾ ਤੀਜੀ ਧਿਰ ਨੂੰ ਤੁਹਾਡੇ ਨਿੱਜੀ ਡੇਟਾ ਤੱਕ ਪਹੁੰਚ ਪ੍ਰਾਪਤ ਹੋਵੇਗੀ ਅਤੇ ਸਿਰਫ ਉਦੋਂ ਹੀ ਜਦੋਂ ਪਰੀਖਣ ਦੇ ਕਿਸੇ ਕੰਮ ਨੂੰ ਪੂਰਾ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਹੋਵੇ। ਇਹ ਇਨ੍ਹਾਂ ਸੰਸਥਾਵਾਂ ਵੱਲੋਂ ਪਰੀਖਣ ਦੀ ਸਮਾਪਤੀ ਤੋਂ 10 ਸਾਲਾਂ ਬਾਅਦ ਤੱਕ ਸਟੋਰ ਕੀਤੀ ਜਾਏਗੀ।

ਤੁਹਾਡੀ ਸਿਹਤ ਸੰਬੰਧੀ ਕੁਝ ਜਾਣਕਾਰੀ ਸੰਯੁਕਤ ਰਾਜ ਵਿੱਚ GRAIL, Inc. ਨੂੰ ਭੇਜੀ ਜਾਏਗੀ, ਪਰ ਇਸ ਡੇਟਾ ਨੂੰ ਉਪਨਾਮ ਦਿੱਤਾ ਜਾਵੇਗਾ (pseudonymised data), ਮਤਲਬ ਕਿ ਅਜਿਹੀ ਜਾਣਕਾਰੀ ਜੋ ਤੁਹਾਡੀ ਪਛਾਣ ਕਰ ਸਕਦੀ ਹੈ, ਜਿਵੇਂ ਕਿ ਤੁਹਾਡਾ ਨਾਮ, ਜਨਮ ਮਿਤੀ, ਅਤੇ NHS ਨੰਬਰ ਹਟਾ ਦਿੱਤਾ ਜਾਵੇਗਾ ਅਤੇ ਇਸ ਨੂੰ ਇੱਕ ਕੋਡ ਨੰਬਰ ਦਿੱਤਾ ਜਾਵੇਗਾ। ਇੱਕ ਵਾਰ ਪਰੀਖਣ ਖ਼ਤਮ ਹੋ ਜਾਣ 'ਤੇ, ਅਸੀਂ ਕੁਝ ਡੇਟਾ ਆਪਣੇ ਕੋਲ ਰੱਖਾਂਗੇ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ। ਅਸੀਂ ਆਪਣੀਆਂ ਰਿਪੋਰਟਾਂ ਨੂੰ ਇਸ ਤਰੀਕੇ ਨਾਲ ਤਿਆਰ ਕਰਾਂਗੇ ਕਿ ਕਿਸੇ ਨੂੰ ਇਹ ਪਤਾ ਨਾ ਚੱਲ ਪਾਵੇ ਕਿ ਤੁਸੀਂ ਪਰੀਖਣ ਵਿੱਚ ਹਿੱਸਾ ਲਿਆ ਸੀ। US ਵਿੱਚ GRAIL, Inc. ਦੇ ਖੋਜਕਰਤਾ ਜੋ ਇਸ ਪਰੀਖਣ ਦੇ ਉਦੇਸ਼ਾਂ ਲਈ ਤੁਹਾਡੀ ਜਾਣਕਾਰੀ ਨੂੰ ਪ੍ਰੋਸੈਸ ਕਰਦੇ ਜਾਂ ਸਟੋਰ ਕਰਦੇ ਹਨ, ਉਹਨਾਂ ਨੂੰ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਵੱਲੋਂ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

### ਮੇਰੇ ਬਾਰੇ ਕਿਹੜੀ ਨਿੱਜੀ ਜਾਣਕਾਰੀ ਇੱਕਤਰ ਕੀਤੀ ਜਾਵੇਗੀ?

ਸਾਨੂੰ ਇਸ ਖੋਜ ਪ੍ਰੋਜੈਕਟ ਲਈ ਤੁਹਾਡੇ ਬਾਰੇ, ਤੁਹਾਡੇ ਸਿਹਤ ਸੰਭਾਲ ਰਿਕਾਰਡਾਂ ਅਤੇ NHS ਅਤੇ ਹੋਰ ਜਨਤਕ ਸੰਸਥਾਵਾਂ ਵੱਲੋਂ ਤੁਹਾਡੇ ਬਾਰੇ ਰੱਖੀ ਗਈ ਜਾਣਕਾਰੀ ਦੀ ਵਰਤੋਂ ਕਰਨ ਦੀ ਜ਼ਰੂਰਤ ਹੋਵੇਗੀ। ਅਸੀਂ ਇਸ ਜਾਣਕਾਰੀ ਸਿੱਧਾ ਤੁਹਾਡੇ ਤੋਂ ਪ੍ਰਾਪਤ ਕਰ ਸਕਦੇ ਹਾਂ, ਜਿਵੇਂ ਕਿ ਤੁਹਾਨੂੰ ਇੱਕ ਸਰਵੇਖਣ ਪੂਰਾ ਕਰਨ ਲਈ ਕਿਹਾ ਜਾ ਸਕਦਾ ਹੈ। ਅਸੀਂ ਜੋ ਤੁਹਾਡੇ GP ਜਾਂ NHS ਕੋਲ ਤੁਹਾਡੇ ਡਾਕਟਰੀ ਰਿਕਾਰਡਾਂ ਤੋਂ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਇਸ ਪਰੀਖਣ ਦੌਰਾਨ ਇਕੱਤਰ ਕੀਤੀ ਜਾਂਦੀ ਜਾਣਕਾਰੀ



IRAS ਪ੍ਰੋਜੈਕਟ ID: 293034 | ਵੇਲਸ REC1 ਹਵਾਲਾ: 21/WA/014 | ਸੂਚਿਤ ਰਜ਼ਾਮੰਦੀ ਸ਼ੀਟ v3.0 25ਜੂਨ2021

## ਪਰੀਖਣ ਵਿੱਚ ਤੁਹਾਡੇ ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ।
(ਜਾਰੀ ਹੈ)

ਵਿੱਚ ਤੁਹਾਡਾ ਨਾਮ, ਜਨਮ ਮਿਤੀ, NHS ਨੰਬਰ, ਤੁਹਾਡਾ ਪਤਾ, ਤੁਹਾਡੇ ਡਾਕਟਰੀ ਰਿਕਾਰਡ ਅਤੇ ਤੁਹਾਡੇ ਸਰਵੇਖਣ ਜਵਾਬ ਸ਼ਾਮਲ ਹੋ ਸਕਦੇ ਹਨ।

### ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ?

ਤੁਹਾਡੀ ਜਾਣਕਾਰੀ ਸਿਰਫ ਤੁਹਾਡੇ ਵੱਲੋਂ ਪਰੀਖਣ ਵਿੱਚ ਹਿੱਸਾ ਲੈਣ ਜਾਂ ਤੁਹਾਡੇ ਵੱਲੋਂ ਸਹਿਮਤੀ ਦਿੱਤੀ ਹੋਰ ਖੋਜ ਵਿੱਚ ਵਰਤੀ ਜਾਏਗੀ। ਇਸ ਵਿੱਚ ਇਸ ਕਰਕੇ ਜਾਣਕਾਰੀ ਦੀ ਵਰਤੋਂ ਸ਼ਾਮਲ ਹੋ ਸਕਦੀ ਹੈ:

- ਪਰੀਖਣ ਬਾਰੇ ਮੁਲਾਕਾਤਾਂ ਤਹਿ ਕਰਨ ਲਈ, ਪਰੀਖਣ ਦੀਆਂ ਅਪਡੇਟਾਂ ਬਾਰੇ ਤੁਹਾਡੇ ਨਾਲ ਸੰਪਰਕ ਕਰਨਾ, ਅਤੇ ਤੁਹਾਡੀ ਸਿਹਤ ਜਾਂ ਸੰਪਰਕ ਵੇਰਵਿਆਂ ਬਾਰੇ ਪੁੱਛਣਾ। ਪਰੀਖਣ ਕਰਨ ਲਈ ਅਸੀਂ UK ਅਤੇ UK ਦੇ ਬਾਹਰ ਤੀਜੀ ਧਿਰ ਦੇ ਸੰਗਠਨਾਂ ਦੀਆਂ ਸੇਵਾਵਾਂ ਲੈ ਸਕਦੇ ਹਾਂ, ਇਸ ਵਿੱਚ ਪ੍ਰੋਸੈਸ ਕਰਨ ਦੇ ਉਦਸ਼ ਅਤੇ ਪੱਤਰ ਭੇਜਣ ਅਤੇ ਕਾਲ ਸੈਂਟਰ ਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੇ ਨਿੱਜੀ ਵੇਰਵਿਆਂ ਦੀ ਲੋੜ ਹੋ ਸਕਦੀ ਹੈ।
- ਮਨੋਨੀਤ ਵਿਅਕਤੀਆਂ ਜਿਵੇਂ ਕਿ ਅਜ਼ਮਾਇਸ਼ ਮਾਨੀਟਰਾਂ, ਆਡੀਟਰਾਂ, ਰੈਗੂਲੇਟਰੀ ਸੰਸਥਾਵਾਂ ਅਤੇ ਖੋਜ ਟੀਮ ਦੇ ਮੈਂਬਰਾਂ ਵੱਲੋਂ ਲਾਇਸੰਸਿੰਗ ਕੰਮ, ਅਧਿਐਨ ਨਿਗਰਾਨੀ, ਆਡਿਟ ਕਰਨਾ, ਸੁਰੱਖਿਆ ਰਿਪੋਰਟਿੰਗ ਅਤੇ ਗੁਣਵੱਤਾ ਦਾ ਭਰੋਸਾ।
- UK ਵਿੱਚ GP, ਹਸਪਤਾਲਾਂ ਅਤੇ ਰਾਸ਼ਟਰੀ ਡੇਟਾਸੇਟ ਤੋਂ ਤੁਹਾਡੀ ਸਿਹਤ ਜਾਣਕਾਰੀ ਪ੍ਰਾਪਤ ਕਰਨਾ। ਇਸ ਵਿੱਚ NHS, ਨੈਸ਼ਨਲ ਡਿਸੀਜ਼ ਰਜਿਸਟ੍ਰੇਸ਼ਨ ਸਰਵਿਸ (National Disease Registration Service) (NDRS), ਅਤੇ ਆਫਿਸ ਆਫ ਨੈਸ਼ਨਲ ਸਟੈਟਿਸਟਿਕਸ (Office of National Statistics) (ONS) ਵੱਲੋਂ ਇਕੱਤਰ ਕੀਤੀ ਅਤੇ ਪ੍ਰਬੰਧਿਤ ਕੀਤੀ ਤੁਹਾਡੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਅਜਿਹਾ ਕਰਨ ਲਈ GRAIL Bio UK ਅਤੇ King's, ਸੁਰੱਖਿਅਤ ਢੰਗ ਨਾਲ ਤੁਹਾਡਾ ਨਾਮ, NHS ਨੰਬਰ, ਜਨਮ ਮਿਤੀ ਅਤੇ ਪੋਸਟ ਕੋਡ ਇਨ੍ਹਾਂ ਸੰਸਥਾਵਾਂ ਨੂੰ ਭੇਜਣਗੇ, ਜੋ ਤੁਹਾਡੇ ਬਾਰੇ ਰੱਖੀ ਗਈ ਜਾਣਕਾਰੀ ਨੂੰ ਵਾਪਸ ਭੇਜਣਗੇ ਕਿਉਂਕਿ ਇਹ ਤੁਹਾਡੀ ਸਿਹਤ ਅਤੇ ਸਿਹਤ ਸੇਵਾਵਾਂ ਦੀ ਵਰਤੋਂ ਨਾਲ ਸੰਬੰਧਿਤ ਹੈ। ਅਸੀਂ ਪਰੀਖਣ ਵਿੱਚ ਤੁਹਾਡੀ ਸ਼ਮੂਲੀਅਤ ਤੋਂ 10 ਸਾਲ ਬਾਅਦ ਤੱਕ ਕਰ ਸਕਦੇ ਹਾਂ। ਤੁਸੀਂ ਇਸ ਡੇਟਾ ਟ੍ਰਾਂਸਫਰ ਤੋਂ ਕਿਸੇ ਵੀ ਸਮੇਂ ਇਨਕਾਰ ਕਰ ਸਕਦੇ ਹੋ।
- ਜੇ ਤੁਹਾਡੀ ਸੰਪਰਕ ਜਾਣਕਾਰੀ ਵਿੱਚ ਬਦਲਾਅ ਆਉਂਦਾ ਹੈ, ਤਾਂ NHS ਡਿਜੀਟਲ ਜਾਂ GP ਤੋਂ ਅਪਡੇਟ ਪ੍ਰਾਪਤ ਕਰਨਾ।

ਕੈਂਸਰ ਦੀ ਰਜਿਸਟ੍ਰੇਸ਼ਨ ਦੇ ਨਾਲ-ਨਾਲ ਆਪਟ-ਆਉਟ ਦੇ ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **https://www.ndrs.nhs.uk/patient-leaflets/** 'ਤੇ ਜਾਓ

### ਕੀ ਤੁਸੀਂ ਮੇਰੀ ਜਾਣਕਾਰੀ ਮੇਰੇ ਸਿਹਤ ਦੇਖਭਾਲ ਪੇਸ਼ੇਵਰਾਂ, ਜਿਵੇਂ ਕਿ ਮੇਰੇ GP ਨਾਲ ਸਾਂਝੀ ਕਰੋਗੇ?

ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਨੂੰ ਇਸ ਪਰੀਖਣ ਵਿੱਚ ਤੁਹਾਡੀ ਦੇਖਭਾਲ ਲੈ ਸ਼ਾਮਲ ਸਿਹਤਦੇਖਭਾਲ ਪੇਸ਼ੇਵਰਾਂ ਨਾਲ ਸਾਂਝਾ ਅਤੇ ਪ੍ਰਾਪਤ ਕਰਨ ਦੀ ਸਾਨੂੰ ਇਜ਼ਾਜ਼ਤ ਦਿਓ। ਇਸ ਵਿੱਚ ਤੁਹਾਡੇ GP ਸ਼ਾਮਲ ਹੋ ਸਕਦੇ ਹਨ। ਜੇ Galleri ਟੈਸਟ ਨੂੰ ਤੁਹਾਡੇ ਖੂਨ ਵਿੱਚ ਕੈਂਸਰ ਦਾ ਸੰਕੇਤ ਮਿਲਦਾ ਹੈ, ਤਾਂ ਤੁਹਾਡੇ GP ਨੂੰ ਇਸ ਬਾਰੇ ਦੱਸਿਆ ਜਾਵੇਗਾ। ਹਾਲਾਂਕਿ, ਫਾਲੋ-ਅੱਪ ਟੈਸਟਾਂ ਲਈ ਲੋੜੀਂਦੀਆਂ ਮੁਲਾਕਾਤਾਂ ਲਈ ਤੁਹਾਡੇ ਨਾਲ ਪਰੀਖਣ ਟੀਮ ਅਤੇ ਤੁਹਾਡੇ ਹਸਪਤਾਲ ਵੱਲੋਂ ਸੰਪਰਕ ਕੀਤਾ ਜਾਵੇਗਾ।

### ਮੇਰੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਸੰਬੰਧੀ ਮੇਰੇ ਕੋਲ ਕਿਹੜੇ ਵਿਕਲਪ ਹਨ?

ਤੁਸੀਂ ਕਿਸੇ ਵੀ ਸਮੇਂ, ਕਿਸੇ ਵੀ ਕਾਰਨ ਕਰਕੇ ਪਰੀਖਣ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਸਕਦੇ ਹੋ, ਪਰ ਅਸੀਂ ਤੁਹਾਡੇ ਬਾਰੇ ਪਹਿਲਾਂ ਹੀ ਇਕੱਤਰ ਕੀਤੀ ਗਈ ਜਾਣਕਾਰੀ ਆਪਣੇ ਕੋਲ ਰੱਖਾਂਗੇ। ਜੇ ਤੁਸੀਂ ਪਰੀਖਣ ਵਿੱਚ ਹਿੱਸਾ ਲੈਣਾ ਬੰਦ ਕਰਨਾ ਚਾਹੁੰਦੇ ਹੋ, ਤਾਂ ਅਸੀਂ ਕੇਂਦਰੀ NHS ਰਿਕਾਰਡਾਂ, ਅਤੇ ਤੁਹਾਡੇ ਹਸਪਤਾਲ ਅਤੇ GP ਤੋਂ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਇਕੱਤਰ ਕਰਨਾ ਜਾਰੀ ਰੱਖਾਂਗੇ। ਜੇ ਤੁਸੀਂ ਚਾਹੁੰਦੇ ਹੋ ਕਿ ਅਜਿਹਾ ਨਾ ਹੋਵੇ, ਤਾਂ ਸਾਨੂੰ ਦੱਸੋ ਅਤੇ ਅਸੀਂ ਕਰਨਾ ਬੰਦ ਕਰ ਦੇਵਾਂਗੇ। ਖੋਜ ਨੂੰ ਭਰੋਸੇਯੋਗ ਬਣਾਉਣ ਲਈ ਸਾਨੂੰ ਤੁਹਾਡੇ ਰਿਕਾਰਡਾਂ ਨੂੰ ਖਾਸ ਢੰਗਾਂ ਨਾਲ ਪ੍ਰਬੰਧਨ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸਦਾ ਮਤਲਬ ਸਾਡੇ ਕੋਲ ਉਪਲਬਧ ਤੁਹਾਡੇ ਡੇਟਾ ਨਾ ਤਾਂ ਤੁਹਾਨੂੰ ਦੇਖਣ ਦਿੱਤਾ ਜਾਵੇਗਾ ਅਤੇ ਨਾ ਹੀ ਇਸ ਨੂੰ ਬਦਲਣ ਦਿੱਤਾ ਜਾਵੇਗਾ।





## ਤੁਹਾਡੇ ਖੂਨ ਦੇ ਨਮੂਨਿਆਂ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ?

ਸਾਰੇ ਖੂਨ ਨਮੂਨੇ ਪ੍ਰੋਸੈਸਿੰਗ ਲਈ UK ਵਿੱਚ ਇੱਕ ਲੈਬਾਰਟਰੀ ਵਿੱਚ ਭੇਜੇ ਜਾਣਗੇ। ਜੇ ਤੁਸੀਂ ਟੈਸਟ ਸਮੂਹ ਵਿੱਚ ਹੋ, ਤਾਂ ਤੁਹਾਡਾ ਨਮੂਨੇ ਨੂੰ Galleri ਟੈਸਟ ਨਾਲ ਜਾਂਚਣ ਲਈ US ਵਿੱਚ GRAIL Inc. ਨੂੰ ਭੇਜਿਆ ਜਾਵੇਗਾ। ਕੈਂਸਰ ਸੰਕੇਤ ਮਿਲਣ 'ਤੇ ਹੀ ਨਤੀਜਾ ਦਿੱਤਾ ਜਾਵੇਗਾ। ਜੇ ਤੁਸੀਂ ਨਿਯੰਤਰਣ ਸਮੂਹ ਵਿੱਚ ਹੋ, ਤਾਂ ਤੁਹਾਡਾ ਨਮੂਨਾ UK ਵਿੱਚ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਵੇਗਾ ਅਤੇ ਪਰੀਖਣ ਦੇ ਹਿੱਸੇ ਵਜੋਂ ਟੈਸਟ ਕਰਨ ਲਈ ਬਾਅਦ ਵਿੱਚ US ਭੇਜ ਦਿੱਤਾ ਜਾਵੇਗਾ। ਹਾਲਾਂਕਿ, ਤੁਹਾਨੂੰ ਕੋਈ ਨਤੀਜਾ ਨਹੀਂ ਮਿਲੇਗਾ, ਪਰੀਖਣ ਖ਼ਤਮ ਹੋਣ ਤੋਂ ਬਾਅਦ ਵੀ ਨਹੀਂ।

### ਕੀ GRAIL ਵੱਲੋਂ ਮੇਰੇ ਖੂਨ ਦੇ ਨਮੂਨੇ ਦੀ ਵਰਤੋਂ ਇਸ NHS-Galleri ਪਰੀਖਣ ਤੋਂ ਇਲਾਵਾ ਕਿਸੇ ਹੋਰ ਖੋਜ ਲਈ ਕੀਤੀ ਜਾਵੇਗੀ?

ਹਰ ਇੱਕ ਨੂੰ ਪੁੱਛਿਆ ਜਾਵੇਗਾ ਕੀ Galleri ਟੈਸਟ ਨੂੰ ਹੋਰ ਬਿਹਤਰ ਬਣਾਉਣ ਲਈ ਖੋਜ ਵਿੱਚ ਮਦਦ ਕਰਨ ਲਈ, ਅਤੇ ਹੋਰ ਟੈਸਟਾਂ ਨੂੰ ਵਿਕਸਤ ਅਤੇ ਸੁਧਾਰ ਕਰਨ ਅਤੇ ਇਹ ਵੇਖਣ ਲਈ ਕਿ ਉਹ ਕਿੰਨੇ ਵਧੀਆ ਢੰਗ ਨਾਲ ਕੰਮ ਕਰਦੇ ਹਨ, ਉਹਨਾਂ ਦੇ ਨਮੂਨਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਨਹੀਂ। ਤੁਹਾਡਾ ਨਮੂਨਾ ਕਿਸੇ ਹੋਰ ਮਕਸਦ ਲਈ ਨਹੀਂ ਵਰਤਿਆ ਜਾਵੇਗਾ ਅਤੇ ਇਸ ਨੂੰ ਕਿਸੇ ਹੋਰ ਸੰਗਠਨ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ। ਭਵਿੱਖ ਦੀਆਂ ਖੋਜਾਂ ਵਿੱਚ ਤੁਹਾਡੇ ਨਮੂਨੇ ਦੀ ਵਰਤੋਂ ਬਾਰੇ ਤੁਹਾਨੂੰ ਕੋਈ ਅਪਡੇਟ ਪ੍ਰਾਪਤ ਨਹੀਂ ਹੋਵੇਗੀ, ਪਰੀਖਣ ਖ਼ਤਮ ਹੋਣ ਤੋਂ ਬਾਅਦ ਵੀ ਨਹੀਂ।

### ਜੇ ਮੈਂ ਆਪਣੇ ਖੂਨ ਦੇ ਨਮੂਨੇ ਨੂੰ ਭਵਿੱਖ ਦੀ ਖੋਜ ਲਈ ਵਰਤੇ ਜਾਣ ਦੀ ਸਹਿਮਤੀ ਦਿੰਦਾ/ਦਿੰਦੀ ਹਾਂ, ਤਾਂ ਇਸ 'ਤੇ ਕਿਸ ਕਿਸਮ ਦੇ ਜੈਨੇਟਿਕ ਵਿਸ਼ਲੇਸ਼ਣ ਕੀਤੇ ਜਾ ਸਕਦੇ ਹਨ?

ਤੁਹਾਡੇ ਨਮੂਨੇ ਦਾ Galleri ਟੈਸਟ ਜਾਂ ਭਵਿੱਖ ਦੇ ਹੋਰ ਨਵੇਂ ਟੈਸਟਾਂ ਨੂੰ ਬਿਹਤਰ ਬਣਾਉਣ ਲਈ ਵੱਖ-ਵੱਖ ਤਰੀਕਿਆਂ ਨਾਲ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਇਸ ਲਈ ਹੈ ਕਿ ਇਸ ਕਿਸਮ ਦੀ ਸ਼ੁਰੂਆਤੀ ਨਿਰਧਾਰਨ ਖੋਜ ਦੇ ਵੱਖੋ-ਵੱਖਰੇ ਢੰਗ ਹਨ ਅਤੇ ਅਕਸਰ ਬਿਹਤਰ ਢੰਗ ਵਿਕਸਤ ਕੀਤੇ ਜਾ ਰਹੇ ਹਨ।

ਅਸੀਂ ਇਹ *ਕਹਿ* ਸਕਦੇ ਹਾਂ ਕਿ ਭਵਿੱਖ ਵਿੱਚ ਤੁਹਾਡੇ ਨਮੂਨੇ ਦੀ ਵਰਤੋਂ ਕਰਨ ਵਾਲੀ ਖੋਜ ਵਿੱਚ ਦੋ ਕਿਸਮ ਦੇ ਖਾਸ ਜੈਨੇਟਿਕ ਵਿਸ਼ਲੇਸ਼ਣ ਨੂੰ ਸ਼ਾਮਲ ਕਰਨ ਦੀ ਇਜ਼ਾਜ਼ਤ ਨਹੀਂ ਹੋਵੇਗੀ। ਇਨ੍ਹਾਂ ਨੂੰ ਸਮੁੱਚੀ ਜੀਨੋਮ ਸਿਕਵੈਂਸਿੰਗ (whole genome sequencing) ਜਾਂ ਐਕਸੋਮ ਸਿਕਵੈਂਸਿੰਗ (exome sequencing) ਕਿਹਾ ਜਾਂਦਾ ਹੈ। ਇਹ ਜੈਨੇਟਿਕ ਵਿਸ਼ਲੇਸ਼ਣ ਤੁਹਾਡੇ ਨਤੀਜੇ ਨੂੰ ਬਹੁਤ ਵਿਸਥਾਰਤ ਪ੍ਰੋਫਾਈਲ ਵਿੱਚ ਪੇਸ਼ ਕਰਦੇ ਹਨ, ਜਿਸ ਵਿੱਚ ਬਹੁਤ ਸੰਵੇਦਨਸ਼ੀਲ ਜਾਂ ਨਿੱਜੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਉਦਾਹਰਣ ਲਈ, ਇਹ ਤੁਹਾਡੇ ਲਈ ਖਾਸ ਸਿਹਤ ਸਮੱਸਿਆਵਾਂ ਦੇ ਵਿਕਾਸ ਦੇ ਜੋਖਮ ਬਾਰੇ, ਜਾਂ ਤੁਹਾਡੇ ਵੰਸ਼ ਜਾਂ ਨਸਲ ਬਾਰੇ ਬਹੁਤ ਕੁਝ ਦੱਸ ਸਕਦਾ ਹੈ। ਇਹ ਤੁਹਾਡੇ ਨਾਲ ਨੇੜਲੇ ਸੰਬੰਧ ਰੱਖਦੇ ਲੋਕਾਂ ਬਾਰੇ ਵੀ ਬਹੁਤ ਕੁਝ ਦੱਸ ਸਕਦਾ ਹੈ, ਕਿਉਂਕਿ ਨਜ਼ਦੀਕੀ ਰਿਸ਼ਤੇਦਾਰਾਂ ਵਿੱਚ ਸਮਾਨ ਜੈਨੇਟਿਕ ਸਾਂਝ ਹੁੰਦੀ ਹੈ। ਭਾਵੇਂ ਤੁਸੀਂ ਆਪਣੇ ਨਮੂਨੇ ਨੂੰ ਭਵਿੱਖ ਦੀ ਖੋਜ ਵਿੱਚ ਵਰਤਣ ਦੀ ਇਜਾਜ਼ਤ ਦਿੱਤੀ ਹੈ, ਪਰ ਫਿਰ ਵੀ ਇਸ ਕਿਸਮ ਦਾ ਜੈਨੇਟਿਕ ਵਿਸ਼ਲੇਸ਼ਣ ਇਸ 'ਤੇ ਨਹੀਂ ਕੀਤਾ ਜਾਵੇਗਾ।

## NHS-Galleri ਪਰੀਖਣ ਬਾਰੇ ਵਧੇਰੇ ਜਾਣਕਾਰੀ

### ਜੇ ਮੈਂ ਆਪਣਾ ਮਨ ਬਦਲ ਲੈਂਦਾ/ਲੈਂਦੀ ਹਾਂ ਅਤੇ ਪਰੀਖਣ ਜਾਰੀ ਨਹੀਂ ਰੱਖਦਾ/ਰੱਖਦੀ ਹਾਂ, ਤਾਂ ਕਿ ਹੋਵੇਗਾ?

ਜੇ ਤੁਸੀਂ ਹਿੱਸਾ ਲੈਂਦੇ ਹੋ ਅਤੇ ਬਾਅਦ ਵਿੱਚ ਆਪਣਾ ਮਨ ਬਦਲ ਲੈਂਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਪਰੀਖਣ ਛੱਡ ਸਕਦੇ ਹੋ। ਤੁਸੀਂ ਕਿਸੇ ਵੀ ਕਾਰਨ ਕਰਕੇ ਪਰੀਖਣ ਛੱਡ ਸਕਦੇ ਹੋ, ਪਰ ਸਾਡੇ ਵੱਲੋਂ ਤੁਹਾਡੇ ਤੋਂ ਪਹਿਲਾਂ ਹੀ ਲਈ ਜਾ ਚੁੱਕੀ ਜਾਣਕਾਰੀ ਅਤੇ ਨਮੂਨੇ, ਅਸੀਂ ਆਪਣੇ ਕੋਲ ਰੱਖਾਂਗੇ। ਤੁਹਾਨੂੰ ਹੋਰ ਖੂਨ ਜਾਂਚਾਂ ਲਈ ਆਉਣ ਜਾਂ ਕਿਸੇ ਹੋਰ ਸਰਵੇਖਣ ਨੂੰ ਪੂਰਾ ਕਰਨ ਲਈ ਨਹੀਂ ਕਿਹਾ ਜਾਵੇਗਾ।

ਜੇ ਤੁਸੀਂ ਇਸ ਦੀ ਬੇਨਤੀ ਕਰਦੇ ਹੋ, ਤਾਂ ਅਸੀਂ ਤੁਹਾਡੇ GP ਜਾਂ NHS ਤੋਂ ਤੁਹਾਡੇ ਕਿਸੇ ਹੋਰ ਸਿਹਤ ਰਿਕਾਰਡ ਤੱਕ ਪਹੁੰਚ ਨਹੀਂ ਕਰਾਂਗੇ। ਜੇ ਤੁਸੀਂ ਸਾਨੂੰ ਸੂਚਿਤ ਕਰਕੇ ਅਜਿਹਾ ਕਰਨ ਤੋਂ ਰੋਕਣਾ ਚਾਹੁੰਦੇ ਹੋ, ਤਾਂ ਅਸੀਂ NHS ਅਤੇ ਸਿਹਤ ਜਾਣਕਾਰੀ ਸੰਸਥਾਵਾਂ ਤੋਂ ਤੁਹਾਡੇ ਬਾਰੇ ਡੇਟਾ ਪ੍ਰਾਪਤ ਕਰਨਾ ਬੰਦ ਕਰ ਦੇਵਾਂਗੇ। ਜੇ ਤੁਸੀਂ ਪਰੀਖਣ ਛੱਡ ਦਿੰਦੇ ਹੋ ਜਾਂ ਹਿੱਸਾ ਨਾ ਲੈਣ ਦਾ ਫੈਸਲਾ ਲੈਂਦੇ ਹੋ, ਤਾਂ ਤੁਹਾਡਾ ਆਮ ਡਾਕਟਰੀ ਇਲਾਜ ਕਿਸੇ ਵੀ ਤਰੀਕੇ ਨਾਲ ਪ੍ਰਭਾਵਤ ਨਹੀਂ ਹੁੰਦਾ ਹੈ।

### ਜੇ ਮੈਨੂੰ ਕੁਝ ਹੋ ਜਾਂਦਾ ਹੈ ਅਤੇ ਮੈਂ ਪਰੀਖਣ ਵਿੱਚ ਸ਼ਾਮਲ ਹੋਣ ਦੇ ਅਸਮਰੱਥ ਹੋ ਜਾਂਦਾ/ਜਾਂਦੀ ਹਾਂ, ਤਾਂ ਕਿ ਹੋਵੇਗਾ?

ਮਾਨਸਿਕ ਸਮਰੱਥਾ ਨੂੰ ਨੁਕਸਾਨ ਹੋਣ ਦੀ ਸਥਿਤੀ ਵਿੱਚ, ਜਿਵੇਂ ਕਿ ਜੇ ਤੁਹਾਡੇ ਨਾਲ ਕੁਝ ਅਜਿਹਾ ਵਾਪਰਦਾ ਹੈ ਜਿਸ ਕਰਕੇ ਤੁਹਾਨੂੰ ਹੁਣ ਪੂਰੀ ਤਰ੍ਹਾਂ ਸਮਝ ਨਹੀਂ ਆ ਰਿਹਾ ਕਿ ਪਰੀਖਣ ਕੀ ਸੀ ਜਾਂ ਤੁਸੀਂ ਇਸ ਦਾ ਹਿੱਸਾ ਕਿਉਂ ਸੀ, ਤਾਂ ਤੁਹਾਨੂੰ ਪਰੀਖਣ ਤੋਂ ਹਟਾ ਦਿੱਤਾ ਜਾ ਸਕਦਾ ਹੈ। ਹਾਲਾਂਕਿ, ਅਸੀਂ ਉਸ ਸਮੇਂ ਤੱਕ ਤੁਹਾਡੇ ਤੋਂ ਪਹਿਲਾਂ ਹੀ ਇਕੱਤਰ ਕੀਤੇ ਜਾ ਚੁੱਕੇ ਨਮੂਨੇ ਜਾਂ ਜਾਣਕਾਰੀ ਦੀ ਵਰਤੋਂ ਕਰਨਾ ਜਾਰੀ ਰੱਖਾਂਗੇ।

### ਜੇ ਮੈਂ ਪਰੀਖਣ ਬਾਰੇ ਸ਼ਿਕਾਇਤ ਕਰਨਾ ਚਾਹੁੰਦਾ/ਚਾਹੁੰਦੀ ਹਾਂ, ਜਾਂ ਜੇ ਕੁਝ ਗਲਤ ਹੁੰਦਾ ਹੈ, ਤਾਂ ਕਿ ਹੋਵੇਗਾ?

ਜੇ ਹਿੱਸਾ ਲੈਣ ਕਰਕੇ ਤੁਹਾਨੂੰ ਨੁਕਸਾਨ ਹੋਇਆ ਹੈ ਜਾਂ ਤੁਸੀਂ ਜ਼ਖਮੀ ਹੋਏ ਹੋ, ਤਾਂ GRAIL ਪਰੀਖਣ ਵਿੱਚ ਹਿੱਸਾ ਲੈਣ ਤੋਂ ਹੋਣ ਵਾਲੇ ਨੁਕਸਾਨ ਲਈ ਵਿੱਤੀ ਮੁਆਵਜ਼ਾ ਪ੍ਰਦਾਨ ਕਰ ਸਕਦੀ ਹੈ। ਜੇ ਤੁਹਾਨੂੰ ਲਗਦਾ ਹੈ ਕਿ ਪਰੀਖਣ ਵਿੱਚ ਹਿੱਸਾ ਲੈਣ ਵੱਜੋਂ ਸੱਟ ਲੱਗੀ ਹੈ, ਤਾਂ ਤੁਸੀਂ ਇਸ ਸਮੱਸਿਆ 'ਤੇ ਪਰੀਖਣ ਟੀਮ ਨਾਲ ਗੱਲਬਾਤ ਕਰ ਸਕਦੇ ਹੋ। ਜੇ ਤੁਸੀਂ ਇਸ ਪਰੀਖਣ ਦੌਰਾਨ ਤੁਹਾਡੇ ਨਾਲ ਹੋਏ ਵਿਵਹਾਰ ਜਾਂ ਇਲਾਜ ਦੇ ਢੰਗ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਪਰੀਖਣ ਦੇ ਮੁੱਖ ਜਾਂਚਕਰਤਾਵਾਂ ਪ੍ਰੋਫੈਸਰ ਰਿਚਰਡ ਨੀਲ ਅਤੇ ਪ੍ਰੋਫੈਸਰ ਚਾਰਲਸ ਸਵੈਂਟਨ ਨਾਲ **chief_investigator@nhs-galleri.org** 'ਤੇ ਜਾਂ ਪਰੀਖਣ ਟੀਮ ਨਾਲ **participant_help@nhs-galleri.org** 'ਤੇ ਸੰਪਰਕ ਕਰ ਸਕਦੇ ਹੋ

ਕਿਰਪਾ ਕਰਕੇ ਹੋਰ ਜਾਣਕਾਰੀ ਲਈ ਵੈਬਸਾਈਟ **www.nhs-galleri.org** 'ਤੇ ਜਾਓ

## ਕੀ ਹਿੱਸਾ ਲੈਣਾ ਮੇਰੇ ਬੀਮੇ ਨੂੰ ਪ੍ਰਭਾਵਿਤ ਕਰੇਗਾ?

ਜੇ ਤੁਸੀਂ ਨਿੱਜੀ ਸਿਹਤ ਬੀਮਾ, ਜੀਵਨ ਬੀਮਾ, ਜਾਂ ਯਾਤਰਾ ਬੀਮਾ ਖਰੀਦਣ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਨੂੰ ਆਪਣੇ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਪਰੀਖਣ ਵਿੱਚ ਹਿੱਸਾ ਲੈਣਾ ਭਵਿੱਖ ਵਿੱਚ ਦਾਅਵੇ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਨਹੀਂ ਕਰੇਗਾ।

ਜੇ ਤੁਹਾਨੂੰ ਅਧਿਐਨ ਵਿੱਚ 'ਤੇ ਇਹ ਪਤਾ ਚੱਲਦਾ ਹੈ ਕਿ ਤੁਹਾਨੂੰ ਕੈਂਸਰ ਹੈ, ਤਾਂ ਪੁੱਛੇ ਜਾਣ 'ਤੇ ਤੁਹਾਨੂੰ ਇਹ ਜਾਣਕਾਰੀ ਬੀਮਾ ਅਰਜ਼ੀ 'ਤੇ ਦੇਣੀ ਪੈ ਸਕਦੀ ਹੈ।

## ਮੈਨੂੰ ਪਰੀਖਣ ਦੇ ਨਤੀਜਿਆਂ ਬਾਰੇ ਕਿਵੇਂ ਪਤਾ ਲੱਗੇਗਾ?

ਪਰੀਖਣ ਦੇ ਮੁੱਖ ਨਤੀਜੇ ਪ੍ਰਾਪਤ ਕਰਨ ਵਿੱਚ ਲਗਭਗ 5 ਸਾਲ ਦਾ ਸਮਾਂ ਲੱਗੇਗਾ। ਇੱਕ ਵਾਰ ਯੋਜਨਾਬੱਧ 140,000 ਭਾਗੀਦਾਰਾਂ ਨੂੰ ਭਰਤੀ ਕਰ ਲੈਣ ਅਤੇ ਉਨ੍ਹਾਂ ਬਾਰੇ ਸਾਰੀ ਜਾਣਕਾਰੀ ਇਕੱਤਰ ਕਰ ਲੈਣ ਤੋਂ ਬਾਅਦ, ਅਸੀਂ ਉਸ ਸਾਰੀ ਜਾਣਕਾਰੀ ਦਾ ਵਿਸ਼ਲੇਸ਼ਣ ਕਰਾਂਗੇ। ਇੱਕ ਵਾਰ ਜਾਣਕਾਰੀ ਦਾ ਵਿਸ਼ਲੇਸ਼ਣ ਕਰ ਲੈਣ ਤੋਂ ਬਾਅਦ, ਹੋਰ ਖੋਜਕਰਤਾਵਾਂ ਵੱਲੋਂ ਜਾਂਚ ਕੀਤੀ ਜਾਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਤੀਜੇ ਭਰੋਸੇ ਯੋਗ ਹੋਣ। ਉੱਚ-ਪੱਧਰੀ ਖੋਜ ਇਸ ਤਰ੍ਹਾਂ ਹੀ ਕੀਤੀ ਜਾਂਦੀ ਹੈ - ਇਸ ਲਈ ਹਮੇਸ਼ਾ ਹੋਰ ਖੋਜਕਰਤਾਵਾਂ ਨੂੰ ਚੰਗੀ ਤਰ੍ਹਾਂ ਜਾਂਚ ਕਰਨ ਦੀ ਲੋੜ ਹੁੰਦੀ ਹੈ। ਜੇ ਸਭ ਕੁਝ ਸਹੀ ਰਹਿੰਦਾ ਹੈ, ਤਾਂ ਅਸੀਂ ਪਰੀਖਣ ਦੇ ਨਤੀਜਿਆਂ ਨੂੰ ਜਨਤਕ ਤੌਰ 'ਤੇ ਸਾਂਝਾ ਕਰ ਸਕਦੇ ਹਾਂ। ਅਕਸਰ ਇਹ ਵਿਗਿਆਨ ਰਸਾਲੇ, ਪ੍ਰੈਸ ਰਿਲੀਜ਼, ਅਤੇ ਪਰੀਖਣ ਵੈਬਸਾਈਟ 'ਤੇ ਸਾਂਝੇ ਕੀਤੇ ਜਾਂਦੇ ਹਨ। ਜੇ ਕੋਈ ਨਤੀਜੇ ਪ੍ਰਕਾਸ਼ਤ ਹੁੰਦੇ ਹਨ, ਤਾਂ ਤੁਹਾਡੀ ਪਛਾਣ ਗੁਪਤ ਰੱਖੀ ਜਾਵੇਗੀ।

## ਇਹ ਪਰੀਖਣ ਦੇ ਨਤੀਜਿਆਂ ਦੀ ਮਲਕੀਅਤ ਕਿਸ ਦੀ ਹੋਵੇਗੀ?

ਕਿੰਗਜ਼ ਕਾਲਜ ਲੰਡਨ (King's College London) ਅਤੇ GRAIL ਦੇ ਖੋਜਕਰਤਾ ਖੋਜ ਦੇ ਨਤੀਜਿਆਂ ਦੇ ਮਾਲਕ ਹੋਣਗੇ। ਜੇ ਕੋਈ ਉਤਪਾਦ ਜਾਂ ਟੈਸਟ ਸਫਲ ਹੁੰਦਾ ਹੈ, ਤਾਂ ਤੁਹਾਨੂੰ ਵਿੱਤੀ ਤੌਰ 'ਤੇ ਕੋਈ ਲਾਭ ਨਹੀਂ ਹੋਵੇਗਾ ਕਿਉਂਕਿ ਤੁਸੀਂ ਪਰੀਖਣ ਵਿੱਚ ਸ਼ਾਮਲ ਹੁੰਦੇ ਹੋ।

## ਪਰੀਖਣ ਖ਼ਤਮ ਹੋਣ 'ਤੇ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਕੈਂਸਰ ਦੀ ਮੁਢਲੀ ਜਾਂਚ ਦੀ ਮੁਲਾਕਾਤਾਂ ਲਈ ਬੁਲਾਇਆ ਜਾਂਦਾ ਹੈ, ਤਾਂ ਤੁਹਾਨੂੰ ਇਹਨਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਕਿਸੇ ਨਵੇਂ ਜਾਂ ਚਿੰਤਾਜਨਕ ਲੱਛਣਾਂ ਬਾਰੇ ਆਪਣੇ GP ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਜੇ ਮੈਨੂੰ ਪਰੀਖਣ ਦੌਰਾਨ ਕੋਈ ਸਮੱਸਿਆ ਆਉਂਦੀ ਹੈ ਜਾਂ ਮੇਰੇ ਕੁਝ ਸਵਾਲ ਹੋਣ, ਤਾਂ ਮੈਂ ਕਿਸ ਨੂੰ ਸੰਪਰਕ ਕਰਾਂ?

ਜੇ ਤੁਹਾਨੂੰ ਪਰੀਖਣ ਵਿੱਚ ਹਿੱਸਾ ਲੈਣ ਦੌਰਾਨ ਕੋਈ ਮੁਸ਼ਕਲਾਂ ਆਇਆ ਹਨ ਜਾਂ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ **participant_help@nhs-galleri.org**'ਤੇ ਪਰੀਖਣ ਟੀਮ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇ ਉਹਨਾਂ ਨੇ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਹਨ, ਤਾਂ ਉਹ ਤੁਹਾਨੂੰ ਕਿਸੇ ਹੋਰ ਕੋਲ ਭੇਜਣ ਵਿੱਚ ਮਦਦ ਕਰਨਗੇ, ਜੋ ਤੁਹਾਡੀ ਇਸ ਵਿੱਚ ਕੁਝ ਮਦਦ ਕਰ ਸਕਣ।